# ਆਤਮ ਰੰਗ

ਜਿਲਦ ੨੫ | ਮਾਰਚ 2024 | ਫੱਗਣ-ਚੇਤਰ 555-56 ਨਾਨਕਸ਼ਾਹੀ | March 2024 | ਅੰਕ 3

## ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥




ਹਰ ਸਾਲ ਦੀ ਤਰ੍ਹਾਂ ਸਾਲਾਨਾ ਕੇਂਦਰੀ ਹੋਲਾ ਮਹੱਲਾ ਅਖੰਡ ਕੀਰਤਨ ਸਮਾਗਮ ਮਿਤੀ 23.03.2024 ਤੋਂ ਲੈ ਕੇ 26.03.2026 ਤਕ ਗੁਰਦੁਆਰਾ ਕਲਗੀਧਰ ਕੀਰਤਨ ਦਰਬਾਰ, ਕਿਲਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ ਹੋ ਰਹੇ ਹਨ। ਸੰਗਤਾਂ ਨੋਟ ਕਰਨ, ਦਰਸ਼ਨ ਦਿਦਾਰੇ ਬਖਸ਼ਣ ਜੀ। ਸਮਾਗਮ ਦਾ ਵੇਰਵਾ ਪੰਨਾ ਨੰ. 41 ਤੇ ਦਿੱਤਾ ਗਿਆ ਹੈ।

# ਤਿਨਾ ਦੇਖਿ ਮਨਿ ਚਾਉ ਉਠੰਦਾ

ਪੰਥ ਦੀ ਸੋਨ ਚਿੜੀ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਪੁਰਾਤਨ ਸੰਗੀ ਸਾਥੀ, ਜਿਨ੍ਹਾਂ, ਉਨ੍ਹਾਂ ਦੇ ਜੀਵਨ ਕਾਲ ਵਿੱਚ ਬੜੇ ਨੇੜਿਓਂ ਪੰਥਕ ਫੁਲਵਾੜੀ ਦੀ ਖੇਮ ਕਿਆਰੀ ਦੀਆਂ ਖੁਸ਼ਬੋਆਂ ਦਾ ਆਨੰਦ ਮਾਣਿਆ ਹੈ। ਇਸ ਫੁਲਵਾੜੀ ਨੂੰ ਹਰਾ ਭਰਾ ਰੱਖਣ ਲਈ ਕਿਸ ਨਾਂ ਕਿਸੇ ਰੂਪ ਵਿਚ ਸੇਵਾ ਰਾਹੀਂ ਹਿੱਸਾ ਪਾਇਆ ਹੈ।

ਅੱਜ ਆਤਮ ਰੰਗ ਦੇ ਮਾਰਚ ਅੰਕ ਵਿਚ ਸਾਰਿਆਂ ਨੂੰ ਯਾਦ ਕਰਨਾ ਸਾਡਾ ਨੈਤਿਕ ਫਰਜ ਵੀ ਹੈ ਤੇ ਜਿੰਮੇਵਾਰੀ ਵੀ।

*- ਮੁੱਖ ਸੰਪਾਦਕ*

ਨਾਮ ਰੰਗਾਂ ਵਿਚ ਰੰਗੇ ਸਦਾ ਸ਼ਬਦ ਸੁਰ 'ਚ ਸਵਾਰ ਭਾਈ ਹਰਿਚਰਨ ਸਿੰਘ ਨੰਦਾ - ਅੰਬਾਲਾ



21 ਮਾਰਚ 1907 - 25 ਸਤੰਬਰ 1999

ਬਹੁਪੱਖੀ, ਬਹੁਪਰਤੀ, ਬਹੁਰੰਗਾ, ਵਿਦਵਾਨ ਪੰਥ ਦਰਦੀ ਤੇ ਮਾਸਿਕ ਆਤਮ ਰੰਗ ਦਾ ਸੰਸਥਾਪਕ ਸੰਪਾਦਕ ਪ੍ਰਿੰਸੀਪਲ ਗੁਰਮੁਖ ਸਿੰਘ - ਪਟਿਆਲਾ



1 ਮਾਰਚ 1930 - 9 ਦਸੰਬਰ 2020

ਕੀਰਤਨ ਦੀ ਨਿਰਮਾਣ ਤੇ ਨਿਸ਼ਕਾਮ ਸੇਵਾ ਨੂੰ ਸਮਰਪਿਤ ਡਾ. ਦਰਸ਼ਨ ਸਿੰਘ ਬੈਂਸ - ਟਰਾਂਟੋ (ਕੈਨੇਡਾ)



19 ਮਾਰਚ 1921 - 19 ਜਨਵਰੀ 2020

ਨਿਮਰਤਾ ਦੇ ਪੁੰਜ, ਸੱਚ ਤੇ ਹੱਕ ਦਾ ਪਹਿਰੇਦਾਰ ਸਿਦਕ-ਸਿਰੜ ਦੀ ਮੂਰਤ, ਨਾਮ ਬਾਣੀ ਦੇ ਰੰਗਾਂ ਵਿਚ ਰੰਗੇ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਸੋਚ ਨੂੰ ਸਮਰਪਿਤ ਤੇ ਆਤਮ ਰੰਗ ਦੇ ਰੂਹੇ-ਰਵਾਂ ਤੇ ਬੁਲੰਦ ਆਵਾਜ

ਭਾਈ ਸਤਿਨਾਮ ਸਿੰਘ ਜੀ ਚੰਡੀਗੜ੍ਹ



20 ਮਾਰਚ 1939 - 12 ਜਨਵਰੀ 2021

ਵਿੱਦਿਆ ਦੇ ਪੁੰਜ, ਰੋਸ਼ਨ ਮੀਨਾਰ, ਸਿੱਖੀ ਜੀਵਨ ਦੀ ਮਹਿਕ ਡਾ. ਕੁਲਦੀਪ ਕੌਰ - ਮੋਹਾਲੀ



4 ਮਾਰਚ 1925 - 3 ਫਰਵਰੀ 2020

ਹਰਦਿਲ ਅਜ਼ੀਜ਼, ਸਿਦਕ-ਸਿਰੜ ਦੀ ਮੂਰਤ, ਭਾਈ ਸਾਹਿਬ ਰਣਧੀਰ ਸਿੰਘ ਟਰੱਸਟ ਦੇ ਰੂਹੇ ਰਵਾਂ ਤੇ ਬੁਲੰਦ ਆਵਾਜ

ਭਾਈ ਮਨਜੀਤ ਸਿੰਘ - ਲੁਧਿਆਣਾ



12 ਮਾਰਚ 1949 - 7 ਜਨਵਰੀ 2012

ੴ ਠਾਕੁਰ ਗਾਈਐ ਆਤਮ ਰੰਗਿ ੴ

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।

ਜਿਲਦ ੨੫ ਮਾਰਚ 2024 ਫੱਗਣ-ਚੇਤਰ 555-56 ਨਾਨਕਸ਼ਾਹੀ March 2024 ਅੰਕ 3

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ
ਚੰਡੀਗੜ੍ਹ

*ਮੁੱਖ ਸੰਪਾਦਕ*
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*

*ਦਫ਼ਤਰ*
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245, 75289-00045*
**E-mail :** atamrang3@gmail.com
**Website :** www.akjatamrangmagazine.org

**ਸਲਾਹਕਾਰ**

ਭਾਈ ਕੁਲਵੰਤ ਸਿੰਘ, ਕਾਕੀ ਪਿੰਡ
*ਭਾਈ ਦਲਜੀਤ ਸਿੰਘ ਭੱਟੀ, ਲੁਧਿਆਣਾ*
*ਭਾਈ ਦਵਿੰਦਰ ਸਿੰਘ (ਡੀ.ਐਸ.ਪੀ.), ਚੰਡੀਗੜ੍ਹ*
*ਮੋਗਾ/ਸ਼ਿਕਾਗੋ*
ਭਾਈ ਗੁਰਬੱਚਨ ਸਿੰਘ, ਦਿਆਲਪੁਰ
*ਭਾਈ ਪ੍ਰਿਤਪਾਲ ਸਿੰਘ ਖਾਲਸਾ, ਅਨੰਦਪੁਰ ਸਾਹਿਬ*
*ਭਾਈ ਪਰਮਿੰਦਰ ਸਿੰਘ,*

*ਕਾਨੂੰਨੀ ਸਲਾਹਕਾਰ*

**ਚੰਦਾ :**

| | | | |
|---|---|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ | ਲਾਈਫ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ | ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.), ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

## ਤਤਕਰਾ


- ਸੰਪਾਦਕੀ 5
- ਬਾਰਹ ਮਾਹ ਕਥਾ 6
  *- ਗੁਰਪੁਰਵਾਸੀ ਪ੍ਰਿੰਸੀਪਲ ਗੰਗਾ ਸਿੰਘ ਜੀ*
- ਅਣਡਿੱਠੀ ਦੁਨੀਆ 7
  *- ਪ੍ਰਿੰਸੀਪਲ ਸਜਣ ਸਿੰਘ ਜੀ*
- ਨਵੇਕਲਾ ਹੋਲਾ 9
  *- ਪ੍ਰਿੰਸੀਪਲ ਸੱਜਣ ਸਿੰਘ ਜੀ*
- ਸ਼ਬਦ-ਕਮਾਈ ਕਾ ਪ੍ਰਤਾਪ ਅਬਚਲੀ ਜੋਤਿ ਦਾ ਪ੍ਰਕਾਸ਼ 11
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ 14
  *- ਪ੍ਰਿੰਸੀਪਲ ਸੱਜਣ ਸਿੰਘ ਜੀ*
- ਸਿੰਘਾਂ ਦਾ ਹੋਲਾ ਤੇ ਲੋਕਾਂ ਦੀ ਹੋਲੀ 15
  *- ਪ੍ਰਿੰਸੀਪਲ ਨਾਹਰ ਸਿੰਘ ਜੀ*
- ਹੋਲਾ ਮਹੱਲਾ - ਸਭ ਸ਼ਕਤੀਆਂ ਦਾ ਪ੍ਰਤੀਕ 18
  *- ਪ੍ਰਿੰ. ਸਤਿਬੀਰ ਸਿੰਘ ਜੀ*
- ਹੋਲੀ ਤੋਂ ਹੋਲਾ ਮਹੱਲਾ 21
  *- ਗਿਆਨੀ ਦੀਦਾਰ ਸਿੰਘ ਜੀ*
- ਹੋਲਾ-ਮਹੱਲਾ ਜ਼ਰੂਰ ਮਨਾਈਏ 23
  *- ਭਾਈ ਸਰਬਜੀਤ ਸਿੰਘ ਜੀ*
- ਪਾਉਂਟਾ ਸਾਹਿਬ ਦਾ ਹੋਲਾ ਮਹੱਲਾ 25
  *- ਸ. ਭਗਵਾਨ ਸਿੰਘ ਜੌਹਲ*
- ਰੰਗ-ਰਤੜਾ ਹੋਲਾ 26
  *- ਗੁਰਪੁਰਵਾਸੀ ਭਾਈ ਸੇਵਾ ਸਿੰਘ ਜੀ*
- ਹੋਲੀ ਤੋਂ ਹੋਲਾ ਮਹੱਲਾ 27
  *- ਸ. ਸੁਖਦੇਵ ਸਿੰਘ ਸ਼ਾਂਤ*
- ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ 30
  *- ਗਿਆਨੀ ਜੰਗ ਸਿੰਘ ਜੀ*
- ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ 32
  *- ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਕਾਬਲ ਵਾਲੀ ਮਾਈ 33
  *- ਡੀ.ਐਸ.ਪੀ. ਭਾਈ ਦਵਿੰਦਰ ਸਿੰਘ ਜੀ*
- ਪ੍ਰਭ ਕਾ ਸਿਮਰਨੁ ਸਬ ਤੇ ਊਚਾ 34
  *- ਭਾਈ ਕੁਲਦੀਪ ਸਿੰਘ ਜੀ*

## ਸੰਪਾਦਕੀ...

ਹੋਲੀ ਭਾਰਤ ਦੀ ਬਹੁ-ਗਿਣਤੀ ਹਿੰਦੂਆਂ ਦਾ ਇਕ ਐਸਾ ਤਿਉਹਾਰ ਹੈ, ਜੋ ਭਾਰਤ ਦੇ ਕੋਨੇ-ਕੋਨੇ ਵਿਚ ਮਨਾਇਆ ਜਾਂਦਾ ਹੈ। ਇਸ ਦਾ ਪਿਛੋਕੜ ਭਗਤ ਪ੍ਰਹਿਲਾਦ ਅਤੇ ਉਸਦੇ ਪਿਤਾ ਹਰਨਾਖਸ਼ ਵਿਚਕਾਰ ਇਕ ਟਕਰਾਉ ਵਾਲੀ ਸਥਿਤੀ ਨਾਲ ਜੁੜਿਆ ਹੋਇਆ ਦੱਸਿਆ ਜਾਂਦਾ ਹੈ। ਪੁਰਾਨਿਕ ਕਥਾ-ਕਹਾਣੀਆਂ ਨੂੰ ਹਿੰਦੂ ਜਗਤ ਅੱਜ ਤਾਂਈਂ ਸੱਚ ਮੰਨ ਕੇ ਪੂਜਾ ਆਦਿ ਕਰਦਾ ਆਇਆ ਹੈ। ਪ੍ਰਹਿਲਾਦ ਜੀ ਰਮ-ਰਹੇ ਰਾਮ ਦੇ ਭਗਤ ਸਨ। ਪਿਤਾ ਨਾਸਤਕ ਸੀ ਅਤੇ ਉਹ ਆਪਣਾ ਨਾਮ ਸਾਰੀ ਨਗਰੀ ਵਿਚ ਜਪਾਉਣਾ ਚਾਹੁੰਦਾ ਸੀ। ਪ੍ਰਹਿਲਾਦ ਰਾਮ ਦੀ ਭਗਤੀ ਉੱਤੇ ਬਜ਼ਿਦ ਹੋਣ ਕਰਕੇ ਉਸਨੂੰ ਮਾਰ-ਮੁਕਾਉਣ ਲਈ ਉਸਦੀ ਭੂਆ ਅੱਗੇ ਆਈ। ਕਹਾਣੀ ਸੱਚੀ ਨਹੀਂ ਹੁੰਦੀ, ਪਰ ਕਿਸੇ ਇਸ ਉਪਰ ਕਿੰਤੂ ਨਹੀਂ ਕੀਤਾ। ਭੂਆ ਨੂੰ ਵਰਦਾਨ ਸੀ ਕਿ ਉਹ ਅੱਗ ਵਿਚ ਨਹੀਂ ਸੜੇਗੀ। ਪ੍ਰਹਿਲਾਦ ਬਾਲਕ ਅਵਸਥਾ ਵਿਚ ਸੀ, ਗੋਦ ਵਿਚ ਬਿਠਾ ਕੇ ਚਿਖਾ ਨੂੰ ਅੱਗ ਲਗਵਾ ਦਿੱਤੀ। ਪਤਾ ਨਹੀਂ ਵਰਦਾਨ ਕਿਉਂ ਉੱਡ ਗਿਆ। ਭੂਆ 'ਹੋਲੀਕਾ' ਮੱਚ ਗਈ, ਪ੍ਰਹਿਲਾਦ ਬਿਨਾਂ ਕਿਸੇ ਵਰਦਾਨ ਦੇ ਬਚ ਗਿਆ। ਇਉਂ ਭਗਤ ਪ੍ਰਹਿਲਾਦ ਦੀ ਪਰਮਾਤਮਾ ਨੇ ਆਪ ਹੱਥ ਦੇ ਕੇ ਰੱਖਿਆ ਕੀਤੀ। ਕਹਾਣੀ ਲੰਬੀ ਨਾ ਕਰਦੇ ਹੋਏ ਪਿਉ-ਪੁੱਤ ਦਾ ਰਾਜ-ਘਰਾਣੇ ਦਾ ਸਦੀਆਂ ਪੁਰਾਣਾ ਝਗੜਾ ਉਦੋਂ ਨਿਬੜਿਆ, ਜਦੋਂ ਹਰਨਾਖਸ਼ ਰਾਜੇ ਦੀ ਪਿਛਲੇਰੀ ਕੀਤੀ ਭਗਤੀ ਵਜੋਂ ਮਿਲੇ ਸਾਰੇ ਵਰਦਾਨਾਂ ਦੇ ਬਾਵਜੂਦ ਅਕਾਲ ਪੁਰਖ ਨੇ ਨਰਸਿੰਘ (ਅੱਧਾ ਮਨੁੱਖ ਤੇ ਅੱਧਾ ਸ਼ੇਰ) ਦਾ ਰੂਪ ਧਾਰ ਕੇ ਮਨਮੁਖ ਰਾਜੇ ਦਾ ਨਹੁੰਆਂ ਨਾਲ ਪੇਟ ਪਾੜ ਕੇ ਅੰਤ ਕੀਤਾ।

ਭਗਤੀ ਦੀ, ਨਿਰੰਕੁਸ਼ ਸ਼ਕਤੀ ਉੱਤੇ ਜਿੱਤ ਹੋਈ। ਉਦੋਂ ਦੇ ਲੋਕਾਂ ਨੇ ਅਕਾਲ ਪੁਰਖ ਦੀ ਜੈ-ਜੈਕਾਰ ਕੀਤੀ। ਪਤਾ ਨਹੀਂ, ਉਦੋਂ ਉਹਨਾਂ ਜੈ-ਜੈਕਾਰ ਕੀਤੀ ਹੋਣੀ ਹੈ, ਪਰ ਜਦੋਂ ਇਹ ਜੈ-ਜੈਕਾਰ ਦੇ ਤੌਰ-ਤਰੀਕੇ ਅੱਜ ਦੇ ਹਿੰਦੂ ਸਮਾਜ ਤਕ ਪਹੁੰਚੇ ਤਾਂ ਹੁੱਲੜ-ਬਾਜ਼ ਕਲਜੁਗੀ ਮਨੁੱਖਾਂ ਨੂੰ ਅਕਾਲ ਪੁਰਖ ਦੀ ਜੈ-ਜੈਕਾਰ ਕਰਨ ਦਾ ਕੀ ਪਤਾ, ਉਹਨਾਂ ਜੋ ਗੰਦ-ਮੰਦ ਇਕ ਦੂਜੇ 'ਤੇ ਸੁੱਟਿਆ, ਉਸ ਨੂੰ ਵੇਖ ਕੇ ਸਤਿਗੁਰੂ ਸਾਹਿਬਾਨ ਨੇ ਆਪਣੇ ਸਿੱਖਾਂ ਨੂੰ ਨਾਸਤਕ ਹੋਲੀਕਾ ਦਾ ਤਿਉਹਾਰ ਮਨਾਉਣ ਦੀ ਬਜਾਏ ਭਗਤ ਪ੍ਰਹਿਲਾਦ ਦੀ ਜਿੱਤ ਦੇ ਡੰਕੇ ਵਜਾਉਣ ਲਈ ਪ੍ਰੇਰਣਾ ਦਿੱਤੀ। ਸਿੱਖਾਂ ਨੇ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਅਕਾਲ ਪੁਰਖ ਦੇ ਗੁਰਬਾਣੀ ਦੇ ਕੀਰਤਨ ਰਾਹੀਂ ਘੁੰਮਰਾਂ ਪਾਈਆਂ।

ਭਾਈ ਨੰਦ ਲਾਲ ਜੀ ਨੇ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖੇਡਿਆ ਗਿਆ ਹੋਲਾ, ਆਪਣੇ ਕਾਵਕ ਅੰਦਾਜ਼ ਵਿਚ ਇਉਂ ਬਿਆਨ ਕੀਤਾ ਹੈ-

***ਗੁਲੇ ਹੋਲੀ ਬਬਾਗ਼ੇ ਦਹਰ ਬੂ ਕਰਦ।***

(ਬਸੰਤ ਰੁੱਤ ਦੇ ਖਿੜੇ ਫੁੱਲਾਂ ਨੇ ਸਾਰਾ ਬਾਗ਼ ਸੁਗੰਧੀ ਨਾਲ ਭਰ ਦਿੱਤਾ।)

***ਜ਼ਹੇ ਪਿਚਕਾਰੀਏ ਪੁਰ ਜਾਫ਼ਰਾਨੀ, ਕਿ ਹਰ ਬੇਰੰਗ ਰਾ ਖ਼ੁਸ਼ ਰੰਗੋ ਬੂ ਕਰਦ।***

(ਕੇਸਰ ਨਾਲ ਭਰੀ ਪਿਚਕਾਰੀ ਮੇਰੇ ਪ੍ਰੀਤਮ ਨੇ ਹੱਥ ਵਿਚ ਲੈ ਕੇ ਜਿਸ ਵੇਲੇ ਚਲਾਈ ਤਾਂ ਜਿਹੜੇ ਨਾਮ-ਰੰਗ ਵਿਚ ਨਹੀਂ ਸੀ ਰੰਗੇ ਹੋਏ (ਬੇਰੰਗ ਸਨ), ਉਹਨਾਂ ਨੂੰ ਭੀ ਨਾਮ-ਰੰਗ ਨਾਲ ਰੰਗ ਕੇ ਬਾਗ਼ੋ-ਬਾਗ਼ ਖੁਸ਼ਬੂ ਵਾਲਾ ਕਰ ਦਿੱਤਾ।)

***ਗੁਲਾਲ ਅਫ਼ਸ਼ਾਨੀ ਅਜ਼ ਦਸਤੇ ਮੁਬਾਰਕ, ਜ਼ਮੀਨੋ ਆਸਮਾਂ ਰਾ ਸੁਰਖ਼ਰੂ ਕਰਦ।***

(ਸਤਿਗੁਰਾਂ ਨੇ ਆਪਣੇ ਮੁਬਾਰਕ ਹੱਥਾਂ ਨਾਲ ਗੁਲਾਲ ਉਡਾ ਕੇ ਜ਼ਮੀਨ ਅਤੇ ਆਸਮਾਨ ਨੂੰ ਭੀ ਲਾਲ ਰੰਗ ਵਿਚ ਰੰਗ ਦਿੱਤਾ। ਇਥੇ ਇਸ਼ਾਰਾ ਹੈ "ਲਾਲ ਰੰਗ ਤਿਸ ਕਉ ਲਗਾ ਜਿਸ ਕੇ ਵਡਭਾਗਾ॥')

ਪੰਜਾਬ 'ਚ ਗਦਰ ਲਹਿਰ ਵਿਚ ਸ਼ਾਮਿਲ ਗਦਰੀਆਂ ਦੇ ਭਾਰਤੀ ਜੇਲ ਵਿਚ ਕੈਦ ਸਮੇਂ ਸਾਨੂੰ ਅੱਜ ਤੋਂ ਪੂਰੇ ਇਕ ਸੌ ਦੋ ਸਾਲ ਪਿਛੇ ਅੰਗਰੇਜਾਂ ਦੀਆਂ ਪੰਜ ਵੱਡੀਆਂ ਜੇਲ੍ਹਾਂ ਵਿਚੋਂ ਆਂਧਰਾ ਦੀ ਜੇਲ੍ਹ ਰਾਜ ਮੁੰਦਰੀ ਜਾਣਾ ਪਵੇਗਾ, ਜਿਥੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਹਜਾਰੀ ਬਾਗ ਜੇਲ੍ਹ ਤੋਂ ਰਾਜ ਮੁੰਦਰੀ ਜੇਲ੍ਹ ਵਿੱਚ ਹੀ ਤਬਦੀਲ ਹੋਏ ਸਨ। ਇਸੇ ਜੇਲ੍ਹ ਵਿਚੋਂ ਹੀ 'ਗੁਰਮਤਿ ਬਿਬੇਕ' ਪੁਸਤਕ ਦੀ ਰਚਨਾ ਕੀਤੀ ਤੇ 19 ਮਾਰਚ 1922 ਨੂੰ ਰਾਜ ਮੁੰਦਰੀ ਜੇਲ੍ਹ ਚੋਂ ਹੀ ਭਾਈ ਸਾਹਿਬ ਵਲੋਂ ਚਿੱਠੀ ਪੱਤਰ ਲਿਖਣ ਦਾ ਆਗਾਜ ਕੀਤਾ ਗਿਆ। ਮਾਰਚ 1922 ਨੂੰ ਉਨ੍ਹਾਂ ਤਿੰਨ ਚਿੱਠੀਆਂ ਅਪਣੇ ਬਹੁਤ ਹੀ ਪਿਆਰੇ ਸਾਥੀ ਗਿਆਨੀ ਨਾਹਰ ਸਿੰਘ ਜੀ ਗੁਜਰਵਾਲ ਨੂੰ ਲਿਖੀਆਂ। ਅੱਜ ਇਸ ਘਟਨਾ ਨੂੰ ਪੂਰਾ ਇਕ ਸੌ ਦੋ ਸਾਲ ਬੀਤ ਚੁਕਾ ਹੈ। ਇਸ ਮੌਕੇ ਆਪ ਜੀ ਦਾ ਹਰਮਨ ਪਿਆਰਾ 'ਆਤਮ ਰੰਗ' ਅਪਣੇ ਅਮੀਰ ਵਿਰਸੇ ਦੀ ਵਿਰਾਸਤ ਨੂੰ ਯਾਦ ਰੱਖਦਾ ਹੋਇਆ ਆਪ ਜੀ ਦੇ ਦੁਆਰ ਉਤੇ ਦਸਤਕ ਦੇ ਰਿਹਾ ਹੈ ਜੀ।

# ਬਾਰਹ ਮਾਹ ਕਥਾ

*[(ਸਵਰਗੀ) ਪ੍ਰਿੰਸੀਪਲ ਗੰਗਾ ਸਿੰਘ ਜੀ]*

***ਚੇਤਿ ਗੋਵਿੰਦੁ ਅਰਾਧੀਐ ਹੋਵੈ ਅਨੰਦੁ ਘਣਾ॥ ਸੰਤ ਜਨਾ ਮਿਲਿ ਪਾਈਐ ਰਸਨਾ ਨਾਮੁ ਭਣਾ॥ ਜਿਨਿ ਪਾਇਆ ਪ੍ਰਭੁ ਆਪਣਾ ਆਏ ਤਿਸਹਿ ਗਣਾ॥ ਇਕੁ ਖਿਨੁ ਤਿਸੁ ਬਿਨੁ ਜੀਵਣਾ ਬਿਰਥਾ ਜਨਮੁ ਜਣਾ॥ ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥ ਸੋ ਪ੍ਰਭੁ ਚਿਤਿ ਨ ਆਵਈ ਕਿਤੜਾ ਦੁਖੁ ਗਣਾ॥ ਜਿਨੀ ਰਾਵਿਆ ਸੋ ਪ੍ਰਭੂ ਤਿੰਨਾ ਭਾਗੁ ਮਣਾ॥ ਹਰਿ ਦਰਸਨ ਕੰਉ ਮਨੁ ਲੋਚਦਾ ਨਾਨਕ ਪਿਆਸ ਮਨਾ॥ ਚੇਤਿ ਮਿਲਾਏ ਸੋ ਪ੍ਰਭੂ ਤਿਸ ਕੈ ਪਾਇ ਲਗਾ॥ ਅੰਗ - 135***

**ਅਰਥ**

ਚੇਤਰ (ਦੁਆਰਾ ਉਪਦੇਸ਼ ਹੈ ਜੁ) ਗੋਬਿੰਦ ਨੂੰ ਆਰਾਧਣ ਨਾਲ ਅਤਿਅੰਤ ਅਨੰਦ ਹੁੰਦਾ ਹੈ। (ਉਸ ਵਾਹਿਗੁਰੂ ਨੂੰ) ਸੰਤ ਜਨਾਂ ਨਾਲ ਮਿਲ ਕੇ ਤੇ ਰਸਨਾ ਦੁਆਰਾ ਨਾਮ ਜਪ ਕੇ ਪਾ ਸਕੀਦਾ ਹੈ। ਜਿਸ ਨੇ ਆਪਣੇ ਪ੍ਰਭੂ ਨੂੰ ਪਾ ਲਿਆ ਹੈ, ਉਹੋ (ਜੱਗ) 'ਤੇ ਆਇਆ ਗਿਣਿਆ ਜਾਂਦਾ ਹੈ। ਇਕ ਖਿਨ ਵੀ ਉਸ (ਪ੍ਰਭੂ) ਤੋਂ ਬਿਨਾਂ ਜਿਊਣਾ ਜਨਮ ਬਿਰਥਾ ਗੁਆਉਣਾ ਹੈ। (ਉਹ ਪ੍ਰਭੂ) ਜਲ ਥਲ, ਅਕਾਸ਼, ਪਤਾਲ ਤੇ ਵਣਾਂ ਵਿਚ ਪੂਰਣ ਰੀਤ ਨਾਲ ਰਮ ਰਿਹਾ ਹੈ। ਅਜਿਹਾ ਪ੍ਰਭੂ ਜੇ ਹਿਰਦੇ ਵਿਚ ਨਾ ਆਵੇ ਤਾਂ ਕਿਤਨਾ ਦੁਖ ਗਿਣਨਾ ਚਾਹੀਦਾ ਹੈ। ਜਿਨ੍ਹਾਂ ਨੇ ਉਸ ਪ੍ਰਭੂ ਨੂੰ ਜਪਿਆ ਹੈ, ਉਹ ਵੱਡੇ ਭਾਗਾਂ ਵਾਲੇ ਹਨ। (ਗੁਰੂ) ਨਾਨਕ (ਆਖਦੇ ਹਨ) ਕਿ ਮੇਰਾ ਮਨ ਹਰਿ ਦੇ ਦਰਸ਼ਨ ਨੂੰ ਲੋਚਦਾ ਹੈ, ਮੇਰੇ ਮਨ ਵਿਚ ਬੜੀ ਪਿਆਸ ਹੈ। ਚੇਤਰ ਰਾਹੀਂ ਜੋ ਮੈਨੂੰ ਉਸ ਪ੍ਰਭੂ ਨਾਲ ਮਿਲਾ ਦੇਵੇ, ਮੈਂ ਉਸ ਦੇ ਚਰਨੀਂ ਪੈਂਦਾ ਹਾਂ।

---

# ਗੁਲਿ ਹੋਲੀ

ਗੁਲਿ ਹੋਲੀ ਬਬਾਗਿ ਦਹਰ ਬੂ ਕਰਦ।
ਲਬਿ ਚੂੰ ਗ਼ੁੰਚਹ ਰਾ, ਫਰਖ਼ੰਦਹ ਖ਼ੂ ਕਰਦ॥1॥
ਗੁਲਾਬੋ, ਅੰਬਰੋ, ਮੁਸ਼ਕੋ ਅਬੀਰੋ।
ਚੁ ਬਾਰਾਂ, ਬਾਰਸ਼ੇ ਅਜ਼ ਸੂ ਬਸੂ ਕਰਦ॥2॥
ਜ਼ਹੇ ਪਿਚਕਾਰੀਏ, ਪੁਰ ਜਾਫ਼ਰਾਨੀ।
ਕਿ ਹਰ ਬੇਰੰਗ ਰਾ, ਖ਼ੁਸ਼-ਰੰਗੋ ਬੂ ਕਰਦ॥3॥
ਗੁਲਾਲ ਅਫ਼ਸ਼ਾਨੀਏ, ਦਸਤਿ ਮੁਬਾਰਕ।
ਜ਼ਮੀਨੋ ਆਸਮਾਂ ਰਾ, ਸੁਰਖ਼ਰੂ ਕਰਦ॥4॥
ਦੋ ਆਲਮ ਗਸ਼ਤ ਰੰਗੀਨ, ਅਜ਼ ਤੁਫ਼ੈਲਸ਼।
ਚੂ ਸ਼ਾਹਮ, ਜਾਮਾ ਰੰਗੀਂ, ਦਰ ਗੁਲੂ ਕਰਦ॥5॥
ਕਸ਼ੇ ਕੋ ਦੀਦ, ਦੀਦਾਰਿ ਮੁਕੱਦਸ।
ਮੁਰਾਦਿ ਉਮਰ ਰਾ, ਹਾਸਿਲ ਨਿਕੋ ਕਰਦ॥6॥
ਸ਼ਵਦ ਕੁਰਬਾਨ, ਖ਼ਾਕਿ ਰਾਹਿ ਸੰਗਤ।
ਦਿਲਿ ਲੂਗੋਯਾਠ, ਹਮੀਂ ਰਾ ਆਰਜ਼ੂ ਕਰਦ॥7॥
(ਭਾਈ ਨੰਦ ਲਾਲ ਜੀ, ਗ਼ਜ਼ਲ 33)

# ਹੋਲੀ ਦਾ ਫੁੱਲ

ਹੋਲੀ ਦਾ ਫੁੱਲ ਜਗਤ-ਬਾਗ਼ ਵਿਚ, ਲਪਟਾਂ ਮਹਿਕਾਂ ਭਰਿਆ।
ਕਲੀਆਂ ਵਰਗੇ ਬੁੱਲ੍ਹਾਂ ਨੂੰ ਜਿਸ, ਮਹਿਕਾਇਆ ਕਰ ਹਰਿਆ॥1॥
ਮੁਸ਼ਕੰਬਰ ਕਸਤੂਰੀ ਵਾਫ਼ਰ, ਖ਼ੁਸ਼ੀ ਗੁਲਾਬ ਮਨਾਈ।
ਹਰ ਪਾਸੇ ਤੋਂ ਛਹਿਬਰ ਰਲ ਕੇ, ਮੀਂਹ ਦੇ ਵਾਂਙੂ ਆਈ॥2॥
ਕੇਸਰ ਦੀ ਪਿਚਕਾਰੀ ਦੱਸੇ, ਵਾਹ ਵਾਹ ਖੇਡ ਨਿਆਰੀ।
ਹਰ ਬੇਰੰਗ ਵਸਤੂ ਨੂੰ ਰੰਗ ਕੇ, ਦਏ ਸੁਗੰਧ ਪਿਆਰੀ॥3॥
ਨਾਲ ਮੁਬਾਰਕ ਹੱਥਾਂ ਮੁਰਸ਼ਦ, ਖ਼ੂਬ ਗੁਲਾਲ ਉਡਾਇਆ।
ਕੀਤੇ ਭੋਂ ਅਸਮਾਨ ਸੁਰਖ਼ਰੂ, ਦਿਲ ਦਾ ਰੰਗ ਬਰਸਾਇਆ॥4॥
ਸ਼ਹਿਨਸ਼ਾਹ ਮੇਰੇ ਨੇ ਗਲ ਜਾਂ, ਰੰਗਿਆ ਚੋਲਾ ਪਾਇਆ।
ਦੋਵੇਂ ਲੋਕ ਰੰਗੀਲੇ ਹੋ ਗਏ, ਰੂਹ ਜਾਪੇ ਨਸ਼ਿਆਇਆ॥5॥
ਜਿਸ ਨੇ ਪਾਕ ਦੀਦਾਰ ਮਾਹੀ ਦਾ, ਕਿਸੇ ਸਮੇਂ ਕਰ ਲੀਤਾ।
ਨਫ਼ਾ ਹਯਾਤੀ ਦਾ ਉਸ ਬੰਦੇ, ਰੱਜ ਪ੍ਰਾਪਤ ਕੀਤਾ॥6॥
'ਗੋਇਆ' ਦੀ ਇਹ ਦਿਲੀ ਤਮੰਨਾ, ਦਮ ਦਮ ਇਹੋ ਧਿਆਵੇ।
ਸਾਧ ਸੰਗਤ ਦੀ ਚਰਨ-ਧੂੜ ਤੋਂ, ਤਨ ਮਨ ਸਦਕੇ ਜਾਵੇ॥7॥
(ਪੰਜਾਬੀ ਰੂਪ - ਸ. ਵਿਧਾਤਾ ਸਿੰਘ 'ਤੀਰ')



# ਅਣਡਿੱਠੀ ਦੁਨੀਆ



*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

ਗੁਰਮਤਿ ਨਾਮ ਦੀ ਸਿਫ਼ਤਿ ਸਾਲਾਹ ਕੀਤਿਆਂ ਅਤੇ ਹਰਿ ਗੁਣ ਗਾਵੀਤਿਆਂ, ਕੀਰਤਨ ਕੀਤਿਆਂ ਨਿਥਾਵਿਆਂ ਨੂੰ ਭੀ ਹਰਿ ਦਰਗਹਿ ਅੰਦਰਿ ਥਾਉਂ ਮਿਲਦਾ ਹੈ। ਯਥਾ ਗੁਰਵਾਕ -

*ਬੀਜ ਮੰਤ੍ਰੁ ਹਰਿ ਕੀਰਤਨੁ ਗਾਉ॥*
*ਆਗੈ ਮਿਲੀ ਨਿਥਾਵੇ ਥਾਉ॥੧॥(੪॥੧੬॥੨੭)*
*ਅੰਗ - ੮੯੧*

*ਰੈਣਿ ਦਿਨਸੁ ਜਪਉ ਹਰਿ ਨਾਉ॥*
*ਆਗੈ ਦਰਗਹ ਪਾਵਉ ਥਾਉ॥੧॥(੪॥੨੨॥੨੩)*
*ਅੰਗ - ੮੯੩*

*ਜਪਿ ਜਪਿ ਜੀਵਾ ਤੇਰਾ ਨਾਉ॥*
*ਆਗੈ ਦਰਗਹ ਪਾਵਉ ਠਾਉ॥੨॥੪॥੨੩॥੩੪*
*ਅੰਗ - ੮੯੩*

*ਗੁਰ ਕੀ ਹਰਿ ਟੇਕ ਟਿਕਾਇ॥*
*ਅਵਰ ਆਸਾ ਸਭ ਲਾਹਿ॥*
*ਹਰਿ ਕਾ ਨਾਮੁ ਮਾਗੁ ਨਿਧਾਨੁ॥*
*ਤਾ ਦਰਗਹ ਪਾਵਹਿ ਮਾਨੁ॥੩॥*
*ਗੁਰ ਕਾ ਬਚਨੁ ਜਪਿ ਮੰਤੁ॥*
*ਏਹਾ ਭਗਤਿ ਸਾਰ ਤਤੁ॥੪॥(੨੮॥੩੯)*
*ਅੰਗ - ੮੯੫*

*ਦੁਲਭ ਦੇਹ ਸਵਾਰਿ॥ ਜਾਹਿ ਨ ਦਰਗਹ ਹਾਰਿ॥*
*ਹਲਤਿ ਪਲਤਿ ਤੁਧੁ ਹੋਇ ਵਡਿਆਈ॥*
*ਅੰਤ ਕੀ ਬੇਲਾ ਲਏ ਛਡਾਈ॥੧॥*
*ਰਾਮ ਕੇ ਗੁਨ ਗਾਉ॥*
*ਹਲਤੁ ਪਲਤੁ ਹੋਹਿ ਦੋਵੈ ਸੁਹੇਲੇ ਅਚਰਜ ਪੁਰਖੁ ਧਿਆਉ॥੧॥ਰਹਾਉ॥*
*ਊਠਤ ਬੈਠਤ ਹਰਿ ਜਾਪੁ॥*
*ਬਿਨਸੈ ਸਗਲ ਸੰਤਾਪੁ॥*
*ਬੈਰੀ ਸਭਿ ਹੋਵਹਿ ਮੀਤ॥*
*ਨਿਰਮਲੁ ਤੇਰਾ ਹੋਵੈ ਚੀਤ॥੨॥*
*ਸਭ ਤੇ ਊਤਮ ਇਹੁ ਕਰਮੁ॥*
*ਸਗਲ ਧਰਮ ਮਹਿ ਸ੍ਰੇਸਟ ਧਰਮੁ॥*
*ਹਰਿ ਸਿਮਰਨਿ ਤੇਰਾ ਹੋਇ ਉਧਾਰੁ॥*
*ਜਨਮ ਜਨਮ ਕਾ ਉਤਰੈ ਭਾਰੁ॥੩॥*
*ਪੂਰਨ ਤੇਰੀ ਹੋਵੈ ਆਸ॥*
*ਜਮ ਕੀ ਕਟੀਐ ਤੇਰੀ ਫਾਸ॥*
*ਗੁਰ ਕਾ ਉਪਦੇਸੁ ਸੁਨੀਜੈ॥*
*ਨਾਨਕ ਸੁਖਿ ਸਹਜਿ ਸਮੀਜੈ॥੪॥੩●॥੪੧॥*
*ਅੰਗ - ੮੯੫-੯੬*

## ੮

## ਧਰਮ ਰਾਇ ਦੀ ਦਰਗਾਹ

*ਵੇਪਰਵਾਹੁ ਅਗੋਚਰੁ ਆਪਿ॥*
*ਆਠ ਪਹਰ ਮਨ ਤਾ ਕਉ ਜਾਪਿ॥*
*ਜਿਸੁ ਚਿਤਿ ਆਏ ਬਿਨਸਹਿ ਦੁਖਾ*
*ਹਲਤਿ ਪਲਤਿ ਤੇਰਾ ਊਜਲ ਮੁਖਾ ॥ ॥੩॥(੪॥੩੧॥੪੨)*
*ਅੰਗ - ੮੯੬*

*ਇਹ ਲੋਕੇ ਸੁਖੁ ਪਾਇਆ॥*
*ਨਹੀ ਭੇਟਤ ਧਰਮ ਰਾਇਆ॥੧॥(੪॥੩੮॥੪੯)*
*ਅੰਗ - ੮੯੮*

ਇਹ ਉਪਰ ਦਿਤੇ ਪਰਮਾਣੂ ਨ ਸਿਰਫ਼ ਅਗਲੀ ਦਰਗਾਹ ਦਾ ਹੀ ਪੱਕਾ ਪਤਾ ਨਿਸ਼ਾਨ ਦਿੰਦੇ ਹਨ, ਸਗੋਂ ਇਹ ਭੀ ਸਪਸ਼ਟ ਕਰਦੇ ਹਨ ਕਿ ਨਾਮ ਦੀਆਂ ਕਮਾਈਆਂ ਬਿਨਾਂ ਗਰਭ ਜੂਨਾਂ ਵਿਚ ਮੁੜ ਮੁੜ ਪੈਣਾ ਹੈ, ਅਤੇ ਧਰਮਰਾਇ ਦਾ ਲੇਖਾ ਭੀ ਦੇਣਾ ਪੈਂਦਾ ਹੈ। ਗੁਰਮਤਿ ਅੰਦਰ ਇਹ ਗੱਲ ਮੰਨੀ ਪਰਮੰਨੀ ਹੈ ਕਿ ਧਰਮਰਾਇ ਅਕਾਲ ਪੁਰਖ ਦਾ ਕੀਤਾ ਹੋਇਆ, ਥਾਪਿਆ ਹੋਇਆ, ਹੁਕਮੇ ਅੰਦਰ ਸਭ

ਜੀਵਾਂ ਦੇ ਕਰਮਾਂ ਦਾ ਨਿਆਉਂ ਨਿਬੇੜਨ ਲਈ ਇਕ ਵਾਸਤਵੀ ਸ਼ਖ਼ਸੀਅਤ (ਹਸਤੀ) ਹੈ, ਜੋ ਅਗਲੀ ਦਰਗਾਹ ਅੰਦਰ ਸਭ ਤੋਂ ਲੇਖਾ ਲੈਂਦਾ ਹੈ, ਸਿਵਾਇ ਉਨ੍ਹਾਂ ਗੁਰਮੁਖਾਂ, ਗੁਰੂ ਦੇ ਤਾਰੇ ਨਿਸਤਾਰੇ ਨਰਾਂ ਦੇ, ਜਿਨ੍ਹਾਂ ਨੂੰ ਸਤਿਗੁਰੂ ਨਾਨਕ- ਦਸਮੇਸ਼ ਜੀ ਨੇ ਅਪਣਾ ਕੇ ਲੜ ਲਾਇ ਲਿਆ ਹੈ। ਮਤ ਕੋਈ ਇਹ ਗੁਮਾਨ ਕਰੇ, ਕਿ ਐਥੇ, ਇਸ ਲੋਕ ਵਿਚ ਹੀ ਜੋ ਕੁਝ ਹੈ ਸੋ ਹੈ, ਅਗਲੀ ਦਰਗਾਹ ਤੇ ਦਰਗਾਹੀ ਲੇਖੇ ਸਭ ਕਲਪਤ ਗੱਲਾਂ ਹੀ ਹਨ।

ਕੀ ਸਤਿਗੁਰੂ ਸਚੇ ਪਾਤਸ਼ਾਹ ਨੇ ਧੁਰੋਂ ਆਈ ਸਚੀ ਬਾਣੀ ਅੰਦਰ ਅਗਲੀ ਦਰਗਾਹ ਸਬੰਧੀ ਐਵੇਂ ਕਲਪਤ ਖ਼ਿਆਲ ਹੀ ਖ਼ਿਆਲੇ ਹਨ? ਹਰਗਿਜ਼ ਨਹੀਂ। ਇਹ ਉਨ੍ਹਾਂ ਲੋਕਾਂ ਦਾ ਅਸ਼ਰਧਕ-ਪੁਣਾ ਤੇ ਮਨਮੁਖਤਾ ਹੈ, ਜੋ ਐਸਾ ਗ਼ਲਤ ਵਿਚਾਰ ਮਨ ਵਿਚ ਲਿਆਉਂਦੇ ਹਨ। ਇਕ ਨਹੀਂ, ਅਨੇਕਾਂ ਹੀ ਗੁਰਵਾਕ ਇਸ ਪ੍ਰਥਾਇ ਗੁਰੂ ਸਾਹਿਬ ਨੇ ਉਚਾਰੇ ਹਨ ਕਿ ਅਗਲੀ ਦਰਗਾਹ ਸਚ ਮੁਚ ਹੈ, ਜਿਸ ਦੀ ਹੋਂਦ ਵਿਚ ਰੰਚਕ ਸੰਦੇਹ ਨਹੀਂ। ਅਗਲੀ ਦਰਗਾਹ ਦੀ ਹੋਂਦ ਸਬੰਧੀ ਸਬੂਤ ਲਈ ਹੇਠ ਲਿਖੇ ਗੁਰ-ਪ੍ਰਮਾਣ ਦਿਤੇ ਜਾਂਦੇ ਹਨ -

***ਨਾਮੁ ਬਿਸਾਰਿ ਪਚਹਿ ਅਭਿਆਨੁ॥***
***ਨਾਮ ਬਿਨਾ ਕਿਆ ਗਿਆਨ ਧਿਆਨੁ॥***
***ਗੁਰਮੁਖਿ ਪਾਵਹਿ ਦਰਗਹਿ ਮਾਨੁ॥੩॥(੮॥੬)***

***ਅੰਗ - ੯੦੫***

ਨਾਮ ਬਿਨਾ ਫੋਕਾ ਗਿਆਨ ਧਿਆਨ ਕਿਸੇ ਕੰਮ ਨਹੀਂ। ਫੋਕਟ ਸਹਸ-ਸਿਆਣਪੀ ਅਭਿਮਾਨ ਵਾਲਾ ਹੀ ਇਹ ਚੁੰਚ-ਕਥਨੀਆ ਗਿਆਨ ਧਿਆਨ ਹੈ, ਜੋ ਅਗਲੀ ਦਰਗਾਹ ਸਬੰਧੀ ਸ਼ੰਕਾ ਪੈਦਾ ਕਰਦਾ ਹੈ ਤੇ ਕਿੰਤੂ ਕਰਾਉਂਦਾ ਹੈ। ਗੁਰਮਤਿ ਗਿਆਨ ਦੇ ਤਤ ਧਿਆਨੀ ਗੁਰਮੁਖ ਜਨ ਹੀ ਸਚੀ ਦਰਗਾਹ ਅੰਦਰ ਮਾਨ ਪਾਉਂਦੇ ਹਨ ਤੇ ਸਦ ਸਦੀਵੀ ਆਤਮਕ ਰੰਗ-ਰਲੀਆਂ ਮਾਣਦੇ ਹਨ ਅਤੇ ਹਰਿ ਦਰਗਾਹ ਵਿਚ ਸੋਭਾਵੰਤ ਕਹਾਉਂਦੇ ਹਨ।

***ਬਿਨੁ ਸਾਚੇ ਨਹੀ ਦਰਗਹ ਮਾਨੁ॥***
***ਹਰਿ ਰਸੁ ਪੀਵੈ ਛੁਟੈ ਨਿਦਾਨਿ॥੫੦॥***

***ਦਖਣੀ ਓਅੰਕਾਰੁ, ਅੰਗ - ੯੩੭***

ਵਾਹਿਗੁਰੂ ਸੱਚੇ ਦੀ ਸੱਚ ਪ੍ਰਾਪਤੀ ਬਿਨਾਂ ਹਰਿ ਦਰਗਾਹੀ ਮਾਨ ਕਿਸ ਨੂੰ ਮਿਲਦਾ ਹੈ? ਗੁਰਮਤਿ ਨਾਮ ਦੀਆਂ ਅਤੁੱਟ ਕਮਾਈਆਂ ਕਰਨ ਤੋਂ ਹਰਿ ਰਸ, ਅੰਤਰ ਆਤਮੇ ਰਸ ਆਉਂਦਾ ਹੈ। ਇਸ ਹਰਿ-ਰਸ ਦੇ ਅੰਦਰ ਰਸ-ਰਸੇ, ਰਸੀਆਂ ਦਾ ਹੀ ਅਗਲੀ ਦਰਗਾਹ ਵਿਚ ਛੁਟਕਾਰਾ ਹੈ, ਦੂਜੇ ਫੋਕਟ ਕਰਮੀਆਂ ਦਾ ਛੁਟਕਾਰਾ ਕਦੇ ਨਹੀਂ ਹੁੰਦਾ।

***ਗੁਰਮੁਖਿ ਚੂਕੈ ਆਵਣ ਜਾਣੁ॥***
***ਗੁਰਮੁਖਿ ਦਰਗਹ ਸਿਫਤਿ ਸਮਾਇ॥***
***ਨਾਨਕ ਗੁਰਮੁਖਿ ਬੰਧੁ ਨ ਪਾਇ॥੪੧॥***

***ਸਿਧ ਗੋਸਟਿ, ਅੰਗ - ੯੪੨***

ਦੇਖਿਆ! ਗੁਰਮੁਖਾਂ ਦਾ ਆਵਣ ਜਾਣਾ ਉੱਕਾ ਹੀ ਚੁਕ ਗਿਆ। ਗੁਰਮੁਖ ਨੂੰ ਸਚੀ ਦਰਗਾਹ ਅੰਦਰ ਮਾਨ ਮਿਲਦਾ ਪਰ ਗੁਰਮੁਖ ਇਹ ਮਾਣ ਮਿਲਣ ਪਰ ਬਫਾਇ ਕੇ ਫੂਲ ਨਹੀਂ ਬਹਿੰਦੇ, ਸਗੋਂ ਸਚੀ ਦਰਗਾਹ ਅੰਦਰ ਸਿਰ ਸਲਾਹ ਕਰਿ ਕਰਿ ਰਜਦੇ ਨਹੀਂ। ਸਿਫਤ ਸਲਾਹ ਕਰਿ ਸਿਫਤੀ ਵਾਹਿਗੁਰੂ ਦੀ ਜਾਤਿ ਪਾਕ ਵਿਚ ਹੀ ਸਮਾਇ ਜਾਂਦੇ ਹਨ। ਗੁਰਮੁਖਾਂ ਦੀ ਸਿਫਤ ਸਲਾਹ ਦਾ ਹਦਬੰਨਾ ਥਾਹ ਕੋਈ ਨਹੀਂ ਅਤੇ ਨਾ ਹੀ ਸਿਫਤੀ ਸਿਫਤਿ ਸਮਾਉ ਦਾ ਹੀ ਕੁਝ ਪਾਰਾਵਾਰ ਹੈ। ਗੁਰਮੁਖ ਜਨ ਲੇਖ ਅੰਦਰ ਕਦੇ ਨਹੀਂ ਆਉਂਦੇ। ਨਾਮ ਵਾਲਿਆਂ ਨੂੰ ਹੀ ਬੰਧ ਪੈਂਦੇ ਹਨ। ਗੁਰਮੁਖਾਂ ਨੂੰ ਕੋਈ ਬੰਧ ਨਹੀਂ ਪੈਂਦਾ।

***ਜਮਦਰਿ ਬਾਧੇ ਕੋਇ ਨ ਰਾਖੈ॥***
***ਬਿਨੁ ਸਬਦੈ ਨਾਹੀ ਪਤਿ ਸਾਖੈ॥੫੫॥***
***ਮਾਨੈ ਹੁਕਮੁ ਸਭੇ ਗੁਣ ਗਿਆਨ॥***
***ਨਾਨਕ ਦਰਗਹ ਪਾਵੈ ਮਾਨੁ॥੫੬॥*** ***ਅੰਗ - ੯੪੪***

ਗੁਰ-ਸਬਦ ਵਿਹੂਣੇ ਨਿਗੁਰਿਆਂ ਦੀ ਅਗਲੀ ਦਰਗਾਹ ਪਤਿ, ਪ੍ਰਤਿਸ਼ਟਾ ਨਹੀਂ ਹੁੰਦੀ। ਨਾ ਹੀ ਉਨ੍ਹਾਂ ਦੇ ਛੁਟਕਾਰੇ ਦੀ ਕੋਈ ਸਿਫ਼ਾਰਸ਼ੀ ਸਾਖਾ ਭਰਦਾ ਹੈ। ਨ ਕੋਈ ਉਨ੍ਹਾਂ ਜਮਦਰ ਬੱਧਿਆਂ ਨੂੰ ਛੁਡਾਉਂਦਾ, ਰੱਖਿਆ ਕਰਾਉਂਦਾ ਹੈ। ਵਾਹਿਗੁਰੂ ਗੁਰੂ ਸਚੇ ਪਾਤਸ਼ਾਹ ਦਾ ਸੱਚਾ ਹੁਕਮ ਮੰਨਣਹਾਰਿਆਂ ਨੂੰ ਹੀ ਸਚੇ ਗੁਰਮਤਿ ਗਿਆਨ ਤੇ ਗੁਣ ਆਇ ਪ੍ਰਗਟ ਹੁੰਦੇ ਹਨ, ਜਿਨ੍ਹਾਂ ਦੀ ਬਦੌਲਤ ਤਿਨ੍ਹਾਂ ਨੂੰ ਦਰਗਹ ਅੰਦਰ ਮਾਨ ਪ੍ਰਾਪਤ ਹੁੰਦਾ ਹੈ। ਇਹ ਸਤਿਗੁਰੂ ਨਾਨਕ ਦਾ ਸੱਚਾ ਕਥਨ ਹੈ -

***ਗੁਰਮੁਖਿ ਜਗੁ ਜੀਤਾ ਜਮਕਾਲੁ ਮਾਰਿ ਬਿਦਾਰਿ॥***
***ਗੁਰਮੁਖਿ ਦਰਗਹ ਨ ਆਵੈ ਹਾਰਿ॥੭੧॥***

***ਅੰਗ - ੯੪੬***

ਗੁਰਮੁਖਾਂ ਨੇ ਗੁਰਮਤਿ ਨਾਮ ਦੇ ਬੋਲ ਕਰਕੇ ਜਮਕਾਲ ਨੂੰ ਮਾਰ ਕੇ ਸਾਰਾ ਜਗ ਜਿੱਤ ਲਿਆ। ਇਸ ਜਗ ਅੰਦਰ ਏਨ੍ਹਾਂ ਨੇ ਜਿੱਤ ਹਾਸਲ ਕਰ ਲੀਤੀ ਤੇ ਅਗਲੀ ਦਰਗਾਹੇ ਜਾ ਕੇ ਭੀ ਉਨ੍ਹਾਂ ਨੂੰ ਹਾਰ ਕਦੇ ਨਹੀਂ ਮਿਲਦੀ, ਜਿੱਤ ਹੀ ਜਿੱਤ ਹੈ।

***ਮਨਮੁਖ ਬੋਲਿ ਨ ਜਾਣਨੀ***
***ਓਨਾ ਅੰਦਰਿ ਕਾਮੁ ਕ੍ਰੋਧੁ ਅਹੰਕਾਰੁ॥***

***'ਚਲਦਾ'***

# ਨਵੇਕਲਾ ਹੋਲਾ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਤਿਉਹਾਰ, ਧਰਮ ਦੇ ਚਿੰਨ੍ਹ ਹੁੰਦੇ ਹਨ, ਜਿਨਾਂ ਤੋਂ ਧਰਮ ਦੇ ਸਮਾਜਕ ਤੇ ਅਧਿਆਤਮਕ ਸਰੂਪ ਦਾ ਗਿਆਨ ਹੁੰਦਾ ਹੈ। ਇਹ ਨਵੀਂ ਪਨੀਰੀ ਦੇ ਵਿਚਾਰਾਂ ਦੀ ਘਾੜਤ ਲਈ ਵੀ ਸਹਾਇਕ ਹਨ। ਇਨ੍ਹਾਂ ਬਗੈਰ ਧਰਮ ਦਾ ਪ੍ਰਫੁੱਲਤ ਹੋਣਾ ਕਠਨ ਹੈ ਅਤੇ ਧਰਮ ਦੇ ਪੈਰੋਕਾਰਾਂ ਦੀ ਜੀਵਨ - ਜੁਗਤਿ ਵਿਚਾਰਧਾਰਾ, ਰਹਿਣ ਸਹਿਣ, ਮਿਲਵਰਤਣ, ਮਾਨਸਿਕ ਰੁਚੀ ਆਦਿ ਦਾ ਪ੍ਰਗਟਾਵਾ ਸਹਜ ਹੀ ਦੇਖਣ ਵਿਚ ਆਉਂਦਾ ਹੈ। ਵਿਦੇਸ਼ੀਆਂ ਨੇ ਭਾਰਤ ਦੇ ਵੱਖ ਵੱਖ ਧਰਮਾਂ ਦੇ ਤਿਉਹਾਰਾਂ ਤੋਂ ਭਾਰਤੀਆਂ ਦੀਆਂ ਸਰੀਰਕ ਸਰਗਰਮੀਆਂ, ਵਾਦੀਆਂ ਗੁਣਾਂ, ਔਗਣਾਂ, ਆਦਿ ਦਾ ਜਾਇਜ਼ਾ ਲਿਆ ਹੈ। ਹਮਲਾਵਰਾਂ ਨੇ ਵਿਸ਼ੇਸ਼ ਤੌਰ ਤੇ ਭਾਰਤੀ ਸਭਯਤਾ ਦੀਆਂ ਊਣਤਾਈਆਂ ਦਾ ਲਾਭ ਉਠਾਇਆ ਹੈ ਤੇ ਉਨਾਂ ਨੂੰ ਲੁੱਟਣ, ਖੋਹਣ, ਅਧੀਨ ਕਰਨ ਤੇ ਰਾਜ ਕਰਨ ਵਿਚ ਖਾਸ ਰੁਕਾਵਟ ਦਾ ਸਾਹਮਣਾ ਨਹੀਂ ਕਰਨਾ ਪਿਆ।

ਇਸ ਤਰਾਂ ਦਾ ਇਕ ਤਿਉਹਾਰ ਹੋਲੀ ਸੀ ਤੇ ਹੁਣ ਵੀ ਉਸੇ ਰੂਪ ਵਿਚ ਹੈ, ਜਿਹੜਾ ਬਹੁਤ ਲੰਮੇ ਸਮੇਂ ਤੋਂ ਮਰਦਾਂ, ਇਸਤਰੀਆਂ, ਬੱਚਿਆਂ, ਬੁੱਢਿਆਂ, ਅਮੀਰਾਂ ਤੇ ਗਰੀਬਾਂ ਦੁਆਰਾ ਹੱਸਣ, ਖੇਡਣ, ਰੰਗ ਤੇ ਮਲੀਨ ਪਾਣੀ ਨਾਲ ਹੋਲੀ ਖੇਡਣ ਨਾਲ ਮਨਾਇਆ ਜਾਂਦਾ ਰਿਹਾ ਹੈ। ਇਕ ਸੁਤੰਤਰ ਕੌਮ, ਆਜਾਦ ਪੰਛੀ ਵਾਂਗਰ ਹੋਲੀ ਨੂੰ ਆਪਣੀ ਖੁਸ਼ੀ ਪ੍ਰਗਟਾਉਣ ਦਾ ਸਾਧਨ ਬਣਾਉਂਦੀ ਤਾਂ ਅਰਥ ਭਰਪੂਰ ਅਖਵਾਉਣ ਦੀ ਹੱਕਦਾਰ ਸੀ ਪਰ ਲਗਾਤਾਰ ਗੁਲਾਮੀ ਵਿੱਚ ਜਕੜੀ, ਬਿਗਾਨੀ ਚਾਕਰੀ ਵਿੱਚ ਬੇਬਸ ਹੋ ਕੇ ਉਮਰ ਬਿਤਾਉਂਦੀ, ਅਣਖ, ਗੈਰਤ ਤੋਂ ਬਿਰਵੀ ਜਾਤੀ ਮਾਨਸਿਕ ਖੁਸ਼ੀ ਤੇ ਆਤਮਕ ਖੇੜਾ ਕਿਵੇਂ ਮਾਣ ਸਕਦੀ ਸੀ? ਇਹ ਰੰਗਾ ਰੰਗੀ ਦੀ ਕਾਰ ਨਿਰਾ ਕਰਮ ਕਾਂਡ ਤੇ ਦਿਖਾਵਾ ਸੀ ਜਿਸ ਵਿਚ ਕੁਦਰਤੀ ਉਮਾਹ, ਚਾਅ ਤੇ ਹੁਲਾਰੇ ਦੀ ਹੋਂਦ ਨਹੀਂ ਸੀ।

ਗੁਰੂ ਨਾਨਕ ਜੋਤਿ ਨੇ ਐਸੇ ਕੱਚੇ ਕਸੁੰਭੜੇ ਰੰਗ ਦੀ ਨਿਖੇਧੀ ਕੀਤੀ, ਜਿਹੜਾ ਸੰਸਾਰਕ ਕਪੜੇ ਰੰਗਣ ਤੋਂ ਅੱਗੇ ਨਹੀਂ ਸੀ ਜਾ ਸਕਦਾ। ਨਾਮ ਮਜੀਠੜੇ ਰੰਗ ਨਾਲ ਕਾਇਆ ਰੰਗਣ ਦਾ ਪਾਵਨ ਉਪਦੇਸ਼ ਹਜ਼ੂਰ ਦਾ ਸੀ।

*ਕਾਇਆ ਰੰਙਣਿ ਜੇ ਥੀਐ ਪਿਆਰੇ, ਪਈਐ ਨਾਉ ਮਜੀਠ॥*
*ਰੰਙਣ ਵਾਲਾ ਜੇ ਰੰਙੈ ਸਾਹਿਬੁ ਐਸਾ ਰੰਗੁ ਨ ਡੀਠ॥*
*ਅੰਗ - ੭੨੧*

ਸਾਧਾਰਨ ਪੁਰਸ਼ ਦੇ ਮਨ ਤੇ ਮਾਇਆ ਦੀ ਮੈਲ ਹੋਣ ਕਰਕੇ ਉਸਨੂੰ ਮਾਇਆ ਦੀ ਵਡਿਆਈ ਬਿਨਾਂ ਹੋਰ ਕੁਛ ਵੀ ਦਿਖਾਈ ਨਹੀਂ ਦਿੰਦਾ। ਮਾਇਆ ਦੇ ਨਸ਼ੇ ਵਿੱਚ ਅੰਨ੍ਹਾ ਪੁਰਸ਼ ਭਲਾ ਰੰਗ ਦੀ ਕਿਵੇਂ ਪਛਾਣ ਕਰ ਸਕਦਾ ਹੈ? ਇਹ ਤਾਂ ਸਤਿਗੁਰੂ ਦੀ ਨਦਰਿ ਰਹਿਮਤ ਹੈ ਕਿ -

*ਮਨੁ ਰੰਗਹੁ ਵਡਭਾਗੀਹੋ, ਗੁਰੁ ਤੁਠਾ ਕਰੇ ਪਸਾਉ॥*
*ਗੁਰੁ ਨਾਮੁ ਦ੍ਰਿੜਾਏ ਰੰਗ ਸਿਉ ਹਉ ਸਤਿਗੁਰ ਕੈ ਬਲਿ ਜਾਉ॥*
*ਬਿਨੁ ਸਤਿਗੁਰ ਹਰਿ ਨਾਮੁ ਨ ਲਭਈ, ਲਖ ਕੋਟੀ ਕਰਮ ਕਮਾਉ॥੨॥ ਅੰਗ - ੪੦*

ਗੁਰਦੇਵ ਜੀ ਨੇ ਆਪਣੇ ਮੁਬਾਰਕ ਬਚਨਾ ਦੁਆਰਾ ਸਾਨੂੰ ਮੂਰਖ ਮੁਗਧਾਂ ਨੂੰ ਸਮਝਾਇਆ ਕਿ ਪ੍ਰਚੱਲਤ ਹੋਲੀ, ਨਾਮ ਸੁਗੰਧ ਹੀਨ ਹੈ ਤੇ ਵਾਸਤਵ ਵਿਚ ਗੇੜੀ ਨਹੀਂ ਬਿਪਰੀਤ ਹੈ। ਗੁਰਮੁਖ ਜਨ ਕੱਚੇ ਰੰਗ ਨਾਲ ਹੋਲੀ ਨਹੀਂ ਖੇਡਦੇ। ਉਨ੍ਹਾਂ ਨੂੰ ਐਸੀ ਹੋਲੀ ਭਾਉਂਦੀ ਹੈ ਜਿਸ ਦਾ ਸਰੂਪ ਨਿਵੇਕਲਾ ਤੇ ਸਰਬੋਤਮ ਹੋਵੇ ਜਿਹੜੀ ਪਵਿੱਤਰਤਾ ਤੇ ਸਹਜ ਦੀ ਮੁਜੱਸਮਾ ਹੋਵੇ। ਯਥਾ -

*ਬਸੰਤੁ ਮਹਲਾ ੫॥ ........ਆਜੁ ਹਮਾਰੈ ਬਨੇ ਫਾਗ॥*
*ਪ੍ਰਭ ਸੰਗੀ ਮਿਲਿ ਖੇਲਨ ਲਾਗ॥*
*ਹੋਲੀ ਕੀਨੀ ਸੰਤ ਸੇਵ॥*
*ਰੰਗੁ ਲਾਗਾ ਅਤਿ ਲਾਲ ਦੇਵ॥੨॥*
*ਮਨੁ ਤਨੁ ਮਉਲਿਓ ਅਤਿ ਅਨੂਪ॥*
*ਸੂਕੈ ਨਾਹੀ ਛਾਵ ਧੂਪ॥*

*ਸਗਲੀ ਰੁਤੀ ਹਰਿਆ ਹੋਇ॥*
*ਸਦ ਬਸੰਤ ਗੁਰ ਮਿਲੇ ਦੇਵ॥੩॥...... ਅੰਗ - ੧੧੮੪*

ਐਸੀ ਹੋਲੀ ਨਾਲ ਸਤਿਸੰਗੀਆਂ ਦਾ ਤਨ ਮਨ ਖਿੜਦਾ ਹੈ, ਵਿਗਸਦਾ ਹੈ, ਦੁਖਾਂ ਸੁਖਾਂ ਵਿੱਚ ਸੁੱਕਦਾ ਨਹੀਂ। ਬਾਰ੍ਹਾਂ ਮਾਸ ਹਰਿਆ ਰਹਿੰਦਾ ਹੈ, ਮਾਇਆ ਦੀ ਅਗਨੀ ਨਾਲ ਜਲਦਾ ਨਹੀਂ।

ਉਸ ਧਾਰਨਾ ਨੂੰ ਪ੍ਰਹਿਲਾਦ ਤੇ ਹਰਣਾਖਸ ਦੀ ਜੰਗ, ਸੱਚ ਤੇ ਝੂਠ ਦੀ ਸੀ, ਆਸਤਕਤਾ ਤੇ ਨਾਸਤਕਤਾ ਦੀ ਸੀ। ਹਕੀਕਤ ਵਿਚ ਇਹ ਜੰਗ ਨਹੀਂ, ਇਕ ਤਰਫਾ ਜੁਲਮ ਤੇ ਤੱਸ਼ਦਦ ਸੀ, ਜਿਹੜਾ ਪ੍ਰਹਿਲਾਦ ਨੇ ਖਿੜੇ ਮੱਥੇ ਪਰਵਾਨ ਕੀਤਾ। ਸਾਰੀ ਹਉਮੈ ਦੀ ਖੇਡ ਸੀ, ਜਿਸ ਵਿਚ ਸਾਰੀ ਖਲਕਤ ਨੂੰ ਚੁਪ ਚਾਪ ਹੁਕਮ ਬਜਾਉਣ ਦੀ ਆਦਤ ਪੈ ਗਈ ਸੀ। ਹਰਣਾਖਸ ਨੂੰ ਆਪਣੀ ਹਾਰ ਮੰਨਕੇ ਪ੍ਰਭੂ ਦੀ ਸ਼ਰਨੀ ਡਿਗਣ ਦੇ ਬਹੁਤ ਮੌਕੇ ਮਿਲੇ ਪਰ ਪੱਥਰ ਦਿਲ ਬਿਲਕੁਲ ਨਹੀਂ ਦ੍ਰਵਿਆ ਤੇ ਰੱਬੀ ਸ਼ਕਤੀ ਨੂੰ ਚੁਨੌਤੀ ਦਿੰਦਾ ਰਿਹਾ। ਪ੍ਰਹਿਲਾਦ ਦੀ ਰੱਖਿਆ ਤੇ ਹੋਲਿਕਾ ਦੀ ਮ੍ਰਿਤੂ ਦੀ ਘਟਨਾ ਸਚਾਈ ਦੀ ਝੂਠ ਤੇ ਸਬਰ ਦੀ ਜਬਰ ਤੇ ਨਿਮਰਤਾ ਦੀ ਹੰਕਾਰ ਤੇ, ਮਹਾਨ ਜਿੱਤ ਸੀ। ਇਸ ਦਾ ਸਾਰ ਹਰਿ ਨਾਮੁ ਦੀ ਵਡਿਆਈ ਤੇ ਅਕਾਲ ਪੁਰਖ ਦੀ ਸਰਬ ਕਾਲੀ ਸਮੱਰਥਾ ਦਾ ਪ੍ਰਤੱਖ ਪਰਮਾਣ ਸੀ। ਪਰ ਹੋਲੀ ਨੇ ਆਪਣਾ ਰੂਪ ਐਸਾ ਬਣਾ ਲਿਆ ਸੀ ਜਿਸ ਵਿੱਚ ਦੋਨਾਂ ਹੀ ਗੁਣਾਂ ਦੀ ਬਹੁਤ ਘਾਟ ਸੀ। ਦੈਵੀ ਗੁਣਾਂ ਉੱਤੇ ਰਾਕਸ਼ੀ ਗੁਣ ਹਾਵੀ ਹੋ ਚੁਕੇ ਸਨ। ਰੌਲੇ ਗੌਲੇ, ਓਪਰੇ ਹਾਸੇ ਨੇ ਮਾਨਸਕ ਖੁਸ਼ੀ ਦੀ ਥਾਂ ਮੱਲੀ ਹੋਈ ਸੀ। ਮਨ ਖੁਸ਼ਕ ਤੇ ਕੁਮਲਾਇਆ ਹੋਇਆ ਪਰ ਤਨ ਨੂੰ ਭਾਂਤ ਭਾਂਤ ਦੇ ਰੰਗਾਂ ਨਾਲ ਧੋ ਕੇ ਤਿਵਲ-ਤਸੱਲੀ ਦਿੱਤੀ ਜਾਂਦੀ ਸੀ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੋਲੀ ਨੂੰ ਆਖਰੀ ਤੇ ਸਥਾਈ ਰੂਪ ਵਿਚ ਬਦਲਿਆ। ਇਥੇ ਆਖਰੀ ਦਾ ਭਾਵ ਹੈ ਕਿ ਇਹ ਸੁਧਾਰ ਥੋੜੇ ਸਮੇਂ ਲਏ ਨਹੀਂ, ਬਲਕਿ ਸਦੀਵ ਕਾਲ ਲਈ ਹੈ। ਗੁਰਦੇਵ ਜੀ ਇੱਕ ਨਹੀਂ, ਗੁਣਾਂ ਦੇ ਸਮੂਹ ਸਨ, ਜਿਹੜੇ ਨਾਮ ਦੀ ਸ਼ਕਤੀ ਤੇ ਚੜ੍ਹਦੀ ਕਲਾ ਨਾਲ ਜੁੜੇ ਹੋਏ ਸਨ। ਸਵੈਮਾਨ ਤੇ ਅਣਖ ਨੂੰ ਪ੍ਰਾਥਮਿਕਤਾ ਦਿੱਤੀ ਜਿਨ੍ਹਾਂ ਨੂੰ ਸਾਕਾਰ ਬਣਾਉਣ ਲਈ ਜੁਰਅਤ, ਦਲੇਰੀ ਤੇ ਬੀਰਤਾ ਦੇ ਜਜ਼ਬੇ ਉਤਪੰਨ ਕਰਨੇ ਸਨ। ਇਸ ਉਦੇਸ਼ ਦੀ ਪੂਰਤੀ ਲਈ ਹਜ਼ੂਰ ਨੇ ਹੋਲੀ ਦੇ ਤਿਉਹਾਰ ਨੂੰ ਅਪਣਾਇਆ ਹੈ, ਇਸ ਦਾ ਖੰਡਨ ਨਹੀਂ ਕੀਤਾ। ਇਸ ਨੂੰ ਤ੍ਰਿਸਕਾਰਿਆ ਨਹੀਂ, ਪਾਵਨ ਪਰੰਪਰਾ ਦਾ ਅੰਗ ਬਣਾਇਆ ਹੈ। ਇਸ ਦਾ ਰੂਪ ਬਿਗਾੜਿਆ ਨਹੀਂ, ਸੁਧਾਰਿਆ ਹੈ।

ਉਸ ਕਾਲ ਵਿਚ ਔਰਤ ਜਾਤੀ ਨੂੰ ਕਮਜ਼ੋਰੀ ਦਾ ਰੂਪ ਸਮਝਿਆ ਜਾਂਦਾ ਸੀ। ਦਾਤਾਰ ਪਿਤਾ ਨਹੀਂ ਚਾਹੁੰਦੇ ਸਨ ਕਿ ਗੱਡੀ ਦਾ ਇੱਕ ਪਹੀਆ ਢਿੱਲਾ ਤੇ ਕਮਜ਼ੋਰ ਹੋਵੇ। ਇਸ ਕਰਕੇ ਕਮਜ਼ੋਰ ਪਹੀਏ ਨੂੰ ਤਾਕਤ ਬਖਸ਼ੀ ਤੇ ਬਰਾਬਰੀ ਦਾ ਦਰਜਾ ਦਿੱਤਾ। ਆਪ ਜੀ ਦੀ ਮਨੋਵਿਗਿਆਨਕ ਸ਼ਕਤੀ ਕਮਾਲ ਦੀ ਸੀ। ਇਸਤ੍ਰੀ ਲਿੰਗ ਸ਼ਬਦਾਂ ਨੂੰ ਪੁਲਿੰਗ ਸ਼ਬਦਾਂ ਵਿਚ ਬਦਲਣਾ ਇਕ ਨਿਰਾਲੀ ਜੁਗਤੀ ਸੀ। 'ਹੋਲਾ', 'ਹੋਲੀ' ਤੋਂ ਬਣਿਆ ਪਰਤੀਤ ਹੁੰਦਾ ਹੈ, ਇਸ ਦਾ ਆਪਣਾ ਆਜ਼ਾਦ ਸਰੂਪ ਨਹੀਂ। ਨਾਵਾਂ ਵਿਚ ਤਬਦੀਲੀ ਲਿਆਂਦੀ। ਰੱਤੀ ਰਾਮ, ਬਰਫੀ, ਗੁਲਾਬੋ, ਚੰਬਲੀ ਆਦਿ ਸ਼ਬਦਾਂ ਨੂੰ ਏਸੇ ਰੂਪ ਵਿਚ ਨਹੀਂ ਰਹਿਣ ਦਿੱਤਾ। ਦਾਲ ਤੋਂ ਦਾਲਾ, ਰੋਟੀ ਤੋਂ ਫੁਲਕਾ ਜਾਂ ਪਰਸ਼ਾਦਾ,ਖਿਚੜੀ ਤੋਂ ਖਿਚੜ ਪਲਾਉ,ਹਲਦੀ ਤੋਂ ਕੇਸਰ ਸ਼ਬਦਾਂ ਦਾ ਪ੍ਰਯੋਗ ਨਿਹੰਗ ਸਿੰਘਾਂ ਨੇ ਖਾਸ ਤੌਰ ਤੇ ਕੀਤਾ ਹੈ। ਹੁਣ ਸਾਡਾ ਤਿਉਹਾਰ ਹੋਲੀ ਨਹੀਂ ਹੋਲਾ ਮਹੱਲਾ ਹੈ ਜਿਸ ਵਿਚ ਨਵਾਂ ਜੀਵਨ ਹੈ, ਨਵੀਂ ਉਮੰਗ ਹੈ। ਮੁਰਦਾ ਰੂਹਾਂ ਵਿਚ ਜਾਨ ਭਰਨ ਲਈ ਸੰਜੀਵਨੀ ਬੂਟੀ ਹੈ। ਇਸ ਦਾ ਮੁੱਢ ਅਨੰਦਪੁਰ ਸਾਹਿਬ ਵਿਚ ਬੱਝਾ ਜਿਥੇ ਲੜਾਈ ਦੇ ਹੁਨਰ ਦੀ ਸਿਖਲਾਈ ਹੁੰਦੀ ਸੀ। ਦੋ ਧੜਿਆਂ ਦੀ ਮਸਨੂਈ ਲੜਾਈ ਵਿਚ ਭਾਗ ਲੈਣ ਵਾਲੇ ਗੁਰ ਸਿਖਾਂ ਵਿਚ ਆਤਮ ਵਿਸ਼ਵਾਸ਼,ਜਿੱਤ ਤੇ ਭਰੋਸੇ ਦੇ ਗੁਣਾਂ ਦਾ ਸਹਜੇ ਹੀ ਵਿਕਾਸ ਹੁੰਦਾ ਸੀ। ਹਮਲਾ ਕਰਨਾ, ਹੱਲਾ ਬੋਲਣਾ, ਲੁੱਟ ਖਸੁੱਟ ਕਰਨੀ, ਜਿਤ ਕੇ ਖੁਸ਼ੀ ਮਨਾਉਣੀ, ਭਾਂਤ ਭਾਂਤ ਦੇ ਹਥਿਆਰਾਂ ਦਾ ਵਰਤਣਾ ਤੇ ਚਲਾਉਣਾ, ਹੋਲੇ ਮਹੱਲੇ ਦੇ ਵਿਸ਼ੇਸ਼ ਤੱਤ ਸਨ। ਕਵੀ ਨਿਹਾਲ ਸਿੰਘ ਨੇ ਹੋਲੇ ਮਹੱਲੇ ਬਾਰੇ ਵਿਚਾਰ ਦਿੱਤੇ ਹਨ -

*ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ।*
*ਛਕਾ ਪ੍ਰਸਾਦ ਸਜਾ ਦਸਤਾਰਾ ਅਰੁ ਕਰਦੋਨਾ ਟੋਲਾ ਹੈ।*
*ਸੁਭਟ ਸੁਚਾਲਾ ਅਰ ਲਖਬਾਂਹਾ ਕਲਗਾ ਸਿੰਘ ਸੁਚਲਾ ਹੈ।*
*ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।*

ਕਵਿਤਾ ਇਹ ਛੰਦ ਹੋਲਾ ਮਹਲਾ ਮਨਾਉਣ ਵਾਲੇ ਗੁਰਸਿਖਾਂ ਦੀ ਰਹਿਣੀ ਬਹਿਣੀ ਦੀ ਬਹੁਤ ਹੱਦ ਤਕ ਸਹੀ ਤਸਵੀਰ ਉਜਾਗਰ ਕਰਦੇ ਹਨ। 'ਹੋਲਾ' ਬੋਲਾ ਹੈ, ਹੋਲੀ ਦੀਆਂ ਕਮੀਆਂ ਤੋਂ ਸੱਖਣਾ, ਅਣਖ ਦਾ ਪੁਤਲਾ ਹੈ। ਉੱਦਮ ਦਲੇਰੀ, ਚੜ੍ਹਦੀ ਕਲਾ ਤੇ ਬੀਰ ਰਸ ਦਾ ਸਰੋਤ ਆਪਣੇ ਆਪ ਵਿਚ ਵਾਹਦ ਮਿਸਾਲ ਹੈ।

ਇਹ ਉਹ ਟਕਸਾਲ ਹੈ, ਜਿੱਥੇ ਸਾਧਾਰਨ ਮਨੁੱਖ ਦੀ ਘਾੜਤ ਘੜੀ ਜਾਂਦੀ ਹੈ। ਅਨੰਦਪੁਰ ਸਾਹਿਬ ਸ਼ਸ਼ਤਰਾਂ ਦੇ ਅਭਿਆਸ ਦਾ ਕੇਂਦਰ ਹੈ। ਸਾਬਤ ਸੂਰਤ, ਸੁੰਦਰ ਸਰੂਪ, ਸੰਤ ਸਿਪਾਹੀ, ਦਸਤਾਰ ਸਿਰਾ, ਬਹੁਪੱਖੀ ਗੁਣਾਂ ਦੇ ਮਾਲਕ,

*(ਬਾਕੀ ਪੰਨਾ 13 'ਤੇ)*

# ਸ਼ਬਦ-ਕਮਾਈ ਕਾ ਪ੍ਰਤਾਪ
# ਅਬਚਲੀ ਜੋਤਿ ਦਾ ਪ੍ਰਕਾਸ਼

*[ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]*

*ਖੋਜਤ ਖੋਜਤ ਖੋਜਿ ਬੀਚਾਰਿਓ ਰਾਮ ਨਾਮੁ ਤਤੁ ਸਾਰਾ॥*
*ਕਿਲਬਿਖ ਕਾਟੇ ਨਿਮਖ ਅਰਾਧਿਆ ਗੁਰਮੁਖ ਪਾਰਿ ਉਤਾਰਾ॥੧॥*
*ਹਰਿ ਰਸੁ ਪੀਵਹੁ ਪੁਰਖ ਗਿਆਨੀ॥*
*ਸੁਣਿ ਸੁਣਿ ਮਹਾ ਤ੍ਰਿਪਤਿ ਮਨੁ ਪਾਵੈ ਸਾਧੂ ਅੰਮ੍ਰਿਤ ਬਾਨੀ॥ਰਹਾਉ॥*
*ਮੁਕਤਿ ਭੁਗਤਿ ਜੁਗਤਿ ਸਚੁ ਪਾਈਐ ਸਰਬ ਸੁਖਾ ਕਾ ਦਾਤਾ॥*
*ਅਪੁਨੇ ਦਾਸ ਕਉ ਭਗਤਿ ਦਾਨੁ ਦੇਵੈ ਪੂਰਨ ਪੁਰਖੁ ਬਿਧਾਤਾ॥੨॥*
*ਸ੍ਰਵਣੀ ਸੁਣੀਐ ਰਸਨਾ ਗਾਈਐ ਹਿਰਦੈ ਧਿਆਈਐ ਸੋਈ॥*
*ਕਰਣ ਕਾਰਣ ਸਮਰਥ ਸੁਆਮੀ ਜਾ ਤੇ ਬ੍ਰਿਥਾ ਨ ਕੋਈ॥੩॥*
*ਵਡੈ ਭਾਗਿ ਰਤਨ ਜਨਮੁ ਪਾਇਆ ਕਰਹੁ ਕ੍ਰਿਪਾ ਕਿਰਪਾਲਾ॥*
*ਸਾਧਸੰਗਿ ਨਾਨਕੁ ਗੁਣ ਗਾਵੈ ਸਿਮਰੈ ਸਦਾ ਗੁੋਪਾਲਾ॥੪॥੧੦॥* *ਅੰਗ - ੬੧੧*

ਇਹ ਗੁਰਮਤਿ ਨਾਮ ਸਰਬ ਸੁਖਾਂ ਦਾ ਦਾਤਾ ਹੈ। ਇਸ ਨਾਮ ਦੀ ਕਮਾਈ ਕਰਿ ਮੁਕਤਿ ਭੁਗਤਿ ਜੁਗਤਿ ਬਿਧਾਤਾ ਆਪਣੇ ਦਾਸ ਜਨ (ਨਾਮ ਦੇ ਸੇਵਣਹਾਰੇ) ਨੂੰ ਸਚ ਆਦਿਕ ਸਭ ਕੁਛ ਪਾਈਦਾ ਹੈ। ਪਰੰਤੂ ਪੂਰਨ ਪੁਰਖ ਸਭ ਤੋਂ ਵੱਡੀ ਦਾਤ ਭਗਤੀ-ਦਾਨ ਦਿੰਦਾ ਹੈ। ਤਾਂ ਤੇ ਐਸੇ ਕਰਨ ਕਾਰਨ ਸਮਰੱਥ ਦਾਤਾਰ ਸੁਆਮੀ ਨੂੰ, ਜਿਸ ਤੇ ਕੋਈ ਬਿਰਥਾ ਨਹੀਂ ਰਹਿ ਸਕਦਾ, ਸਰਬਦਾ ਕਾਲ ਸ੍ਰਵਣਾਂ ਕਰਕੇ ਸੁਣਦੇ ਰਹੀਏ, ਰਸਨਾ ਕਰਕੇ ਗਾਉਂਦੇ ਰਹੀਏ, ਫਿਰਦੇ ਕਰਕੇ ਧਿਆਉਂਦੇ ਰਹੀਏ ਅਤੇ ਅਖ਼ੀਰ ਵਿਚ ਸਾਨੂੰ ਇਸ ਗੁਰਵਾਕ ਦੁਆਰਾ ਇਹੋ ਮੁਖ ਪ੍ਰਾਰਥਨਾ ਕਰਨ ਦੀ ਦੀਖਿਆ ਮਿਲਦੀ ਹੈ ਕਿ ਹੇ ਸਭ ਦੀ ਬਿਰਥਾ ਜਾਨਣਹਾਰੇ ਕਰਨ ਕਾਰਨ ਸਮਰੱਥ ਅਕਾਲ ਪੁਰਖ ਸੁਆਮੀ ਦਾਤਾਰ ਜੀ, ਕ੍ਰਿਪਾਲ ਜੀ, ਅਸੀਂ ਵਡੇ ਭਾਗਾਂ ਕਰਕੇ ਇਹ ਰਤਨ ਜਨਮ ਪਾਇਆ ਹੈ। ਐਸੀ ਕ੍ਰਿਪਾ ਕਰੋ, ਹੇ ਗੋਪਾਲ ਦਇਆਲ ਜੀ, ਕਿ ਸਾਨੂੰ ਤੇਰੀ ਸਾਧ ਸੰਗਤਿ ਪ੍ਰਾਪਤ ਰਹੇ, ਜਿਥੇ ਅਸੀਂ ਤੇਰੇ ਗੁਣ ਗਾਉਂਦੇ ਰਹੀਏ ਅਤੇ ਸਦਾ ਤੇਰੇ ਨਾਮ ਦਾ ਸਿਮਰਨ ਕਰਦੇ ਰਹੀਏ। ਏਹੀ ਗੁਰੂ ਘਰ ਦੇ ਸਭ ਤੋਂ ਉਚੇ ਸੁਚੇ ਬਿਬੇਕ ਦੀ ਮੁੱਖ ਮਹਿਮਾ ਹੈ।

*ਸਬਦੁ ਬੀਚਾਰੇ ਸੋ ਜਨੁ ਸਾਚਾ ਜਿਨ ਕੈ ਹਿਰਦੈ ਸਾਚਾ ਸੋਈ॥*
*ਸਾਚੀ ਭਗਤਿ ਕਰਹਿ ਦਿਨੁ ਰਾਤੀ ਤਾਂ ਤਨਿ ਦੂਖੁ ਨ ਹੋਈ॥੧॥* *ਅੰਗ - ੧੧੩੧*

ਜਿਨ੍ਹਾਂ ਦੇ ਹਿਰਦੇ ਵਿਖੇ ਸ਼ਬਦ (ਨਾਮ) ਦੀ ਬੀਚਾਰ ਬਿਬੇਕ-ਮਈ ਕਮਾਈ ਦੁਆਰਾ ਸੱਚਾ ਅਕਾਲ ਪੁਰਖ ਵਸਿਆ ਹੈ, ਸੋਈ ਜਨ ਸੱਚਾ ਬਿਬੇਕੀ ਹੈ। ਐਸੇ ਸੱਚੇ ਬਿਬੇਕੀ ਦਿਨ ਰਾਤ ਸਚੀ ਭਗਤੀ ਕਰਦੇ ਹਨ ਅਤੇ ਇਸ ਭਗਤੀ ਦੇ ਕਰਨ ਕਰਿ ਸਰੀਰ ਕਾਇਆਂ ਨੂੰ ਕੋਈ ਦੁਖ ਰੋਗ ਨਹੀਂ ਬਿਆਪਦਾ। ਇਸ ਗੁਰਵਾਕ ਤੋਂ ਸਰਬ ਰੋਗ ਕਾ ਅਉਖਦੁ ਨਾਮੁ ਵਾਲੇ ਮਹਿਮਾ ਮਈ ਅਸੂਲ ਦੀ ਸਚਿਆਈ ਸਿੱਧ ਹੁੰਦੀ ਹੈ।

*ਅੰਮ੍ਰਿਤ ਬਾਣੀ ਗੁਰ ਕੀ ਮੀਠੀ॥*
*ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ॥*
*ਅੰਤਰਿ ਪਰਗਾਸੁ ਮਹਾ ਰਸੁ ਪੀਵੈ*
*ਦਰਿ ਸਚੈ ਸਬਦੁ ਵਜਾਵਣਿਆ॥੧॥* *ਅੰਗ - ੧੧੩*

ਜਿਨ੍ਹਾਂ ਵਿਰਲੇ ਗੁਰਮੁਖਾਂ ਨੇ ਗੁਰੂ ਦੀ ਅੰਮ੍ਰਿਤ ਬਾਣੀ ਦਾ ਅਮਿਊ ਮਿਠਾਸ (ਸੁਆਦ) ਚਖ ਕੇ ਡਿਠਾ ਹੈ ਤਿਨ੍ਹਾਂ ਦੇ ਅੰਤਰਿ ਅਬਚਨੀ ਜੋਤਿ ਨਿਰੰਜਨੀ ਦਾ ਪ੍ਰਕਾਸ਼ ਹੋਇਆ ਹੈ। ਉਹ ਨਾਮ ਮਹਾਂ ਰਸ ਵਿਚ ਸਦਾ ਹੀ ਖੀਵੇ ਅਲਮਸਤ ਮਤਵਾਰੇ ਰਹਿੰਦੇ ਹਨ ਅਤੇ ਉਹ ਸੱਚੇ (ਅਕਾਲ ਪੁਰਖ) ਦੇ ਦਰਵਾਜ਼ੇ ਵਿਖੇ ਪਹੁੰਚ ਕੇ ਭੀ ਸ਼ਬਦ ਅਭਿਆਸ ਦਾ ਅਖੰਡ ਵਾਜਾ ਵਜਾਵਣਹਾਰੇ ਹਨ। ਇਹ ਸਭ ਪਰਤਾਪ ਸਿਫ਼ਤਿ-ਸਾਲਾਹ ਰੂਪੀ ਉਚ ਬਿਬੇਕ ਕਰਨੀ ਦਾ ਹੈ।

*ਹਰਿ ਆਪੇ ਮੇਲੇ ਸੇਵ ਕਰਾਏ॥*
*ਗੁਰ ਕੈ ਸਬਦਿ ਭਾਉ ਦੂਜਾ ਜਾਏ॥*
*ਹਰਿ ਨਿਰਮਲੁ ਸਦਾ ਗੁਣਦਾਤਾ*
*ਹਰਿ ਗੁਣ ਮਹਿ ਆਪਿ ਸਮਾਵਣਿਆ॥੧॥*

ਨਵੀਨ ਸਿਧਾਂਤ ਇਸ ਗੁਰ ਪ੍ਰਮਾਣ ਤੋਂ ਮਿਲਦਾ ਹੈ ਕਿ ਗੁਰੂ ਕੇ ਸ਼ਬਦ ਦੀ ਕਮਾਈ ਕਰਕੇ ਦੂਜਾ ਭਾਉ ਦੂਰ ਹੋ ਜਾਂਦਾ ਹੈ। ਐਸੀ ਪਾਰਸ ਕਲਾ ਹੈ ਇਸ ਨਾਮ ਰਸਾਇਣ ਦੀ।

*ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰਾ॥*
*ਬਿਨੁ ਤਕੜੀ ਤੋਲੈ ਸੰਸਾਰਾ॥*
*ਗੁਰਮੁਖਿ ਹੋਵੈ ਸੋਈ ਬੂਝੈ*
*ਗੁਣ ਕਹਿ ਗੁਣੀ ਸਮਾਵਣਿਆ॥੧॥ ਅੰਗ - ੧੧੦*

ਭਾਵ, ਅਸਾਡਾ ਅਕਾਲ ਪੁਰਖ ਐਸਾ ਨਿਰਮਲ ਅਗਮ ਅਪਾਰ ਹੈ ਕਿ ਉਹਨਾਂ ਦਾ ਲੇਖਾ ਨਹੀਂ ਗਿਣਦਾ ਅਤੇ ਉਨ੍ਹਾਂ ਦੇ ਕਰਮ ਨਹੀਂ ਵਿਚਾਰਦਾ ਜੋ ਉਸ ਦੇ ਗੁਣ ਕਥਨ ਕਰਨ ਰੂਪੀ ਭਗਤੀ ਕਮਾਂਵਦੇ ਹਨ। ਅਤੇ ਏਹਨਾਂ ਅਪਾਰ ਅਗੰਮੀ ਗੁਣਾਂ ਦੀ ਕਥਨ ਕਮਾਈ ਦਾ ਇਹ ਨਿਰਾਲਾ ਫਲ ਹੁੰਦਾ ਹੈ ਕਿ ਉਕਤ ਗੁਣ ਪਿਆਰੇ ਦੇ ਗੁਣ ਕਥਨਹਾਰੇ (ਕਮਾਵਣਹਾਰੇ) ਗੁਣੀ ਅਕਾਲ ਪੁਰਖ ਵਿਚ ਸਮਾਂ ਲੈਂਦੇ ਹਨ।

*ਮਨ ਰੇ ਸਦਾ ਭਜਹੁ ਹਰਿ ਸਰਣਾਈ॥*
*ਗੁਰ ਕਾ ਸਬਦੁ ਅੰਤਰਿ ਵਸੈ*
*ਤਾ ਹਰਿ ਵਿਸਰਿ ਨ ਜਾਈ॥੧॥ਰਹਾਉ॥ ਅੰਗ - ੩੧*

ਏਥੇ ਸਦੀਵਕਾਲ ਭਜਨ ਕਰਦੇ ਰਹਿਣ ਦਾ ਹੁਕਮ ਦੇਂਦੇ ਹਨ।ਜੋ ਇਸ ਹੁਕਮ ਨੂੰ ਕਮਾਉਂਦੇ ਹਨ, ਅਰਥਾਤ, ਸਦਾ ਭਜਨ ਕਰਦੇ ਰਹਿੰਦੇ ਹਨ ਤਾਂ ਇਸ ਭਜਨ ਪਰਤਾਪ ਨਾਲ ਗੁਰ ਕਾ ਸ਼ਬਦ (ਨਾਮ-ਗੁਰਮੰਤ੍ਰ) ਤਿਨ੍ਹਾਂ ਦੇ ਰੋਮ ਰੋਮ ਅੰਤਰਿ ਵਸ ਜਾਂਦਾ ਹੈ। ਅਤੇ ਉਸ ਨਾਮ ਗੁਰਮੰਤ੍ਰ ਦੇ ਅੰਤਰਿ ਵਸਣ ਕਰਕੇ ਤਿਨ੍ਹਾਂ ਨੂੰ ਨਾਮੀ ਅਕਾਲ ਪੁਰਖ ਪਰਮਾਤਮਾ ਕਦੇ ਨਹੀਂ ਵਿਸਰਦਾ।

*ਨਿਰਗੁਣ ਰਾਮੁ ਗੁਣਹ ਵਸਿ ਹੋਇ॥*
*ਆਪੁ ਨਿਵਾਰਿ ਬੀਚਾਰੇ ਸੋਇ॥੧॥ਰਹਾਉ॥*
*ਅੰਗ - ੨੨੨*

ਭਾਵ, ਤ੍ਰੈਗੁਣ ਅਤੀਤ ਅਕਾਲ ਪੁਰਖ ਉਸ ਦੇ ਨਿਰਗੁਣ ਗੁਣ ਗਾਵਣ ਕਮਾਵਣ ਕਰਕੇ ਹੀ ਵਸ ਹੁੰਦਾ ਹੈ। ਗੁਰਬਾਣੀ ਅੰਦਰ ਵਖਾਣੇ ਜਿਤਨੇ ਭੀ ਗੁਣ ਉਸ ਗੁਣੀ ਅਕਾਲ ਪੁਰਖ ਦੇ ਹਨ, ਸਭ ਤ੍ਰੈ ਗੁਣ ਅਤੀਤ ਗੁਣ ਹਨ। ਇਹ ਗੁਣ ਕੇਵਲ ਗੁਰਮਤਿ ਦੁਆਰਾ ਹੀ ਪ੍ਰਾਪਤ ਹੋ ਸਕਦੇ ਹਨ।

*ਤੇਰੀ ਸਿਫਤਿ ਸੁਆਲਿਉ ਸਰੂਪ ਹੈ*
*ਜਿਨਿ ਕੀਤੀ ਤਿਸੁ ਪਾਰਿ ਲਘਾਈ॥੧॥*
*ਅੰਗ - ੩੦੧*

ਭਾਵ ਸ਼ਪਸ਼ਟ ਹੈ।

*ਜਿਨ੍ ਕੈ ਪੋਤੈ ਪੁੰਨੁ ਤਿਨਾ ਗੁਰੂ ਮਿਲਾਏ॥*
*ਸਚੁ ਬਾਣੀ ਗੁਰੁ ਸਬਦੁ ਸੁਣਾਏ॥*
*ਜਹਾਂ ਸਬਦੁ ਵਸੈ ਤਹਾਂ ਦੁਖੁ ਜਾਏ॥*
*ਗਿਆਨਿ ਰਤਨਿ ਸਾਚੈ ਸਹਜਿ ਸਮਾਏ॥੪॥੫੦॥*
*ਅੰਗ - ੩੬੪*

ਭਾਵ, ਜਿਨ੍ਹਾਂ ਵਡਭਾਗੀਆਂ ਨੂੰ ਗੁਰੂ ਦਾ ਮੇਲ ਹੋ ਜਾਂਦਾ ਹੈ ਤਿਨ੍ਹਾਂ ਨੂੰ ਗੁਰਦੁਆਰਿਓਂ ਗੁਰ-ਸ਼ਬਦ ਰੂਪੀ ਸੱਚੀ ਬਾਣੀ (ਸਤਿਨਾਮ) ਵਾਲਾ ਗੁਰਮੰਤ੍ਰ ਮਿਲ ਜਾਂਦਾ ਹੈ। ਜਿਥੇ ਓਸ ਸ਼ਬਦ ਮੰਤ੍ਰ ਦਾ ਵਾਸ ਹੁੰਦਾ ਹੈ ਉੱਥੇ ਦੁਖ ਦਾ ਨਾਸ ਹੋ ਜਾਂਦਾ ਹੈ। ਫੇਰ ਤਿਸ ਸੱਚੇ ਗਿਆਨ-ਰਤਨ-ਨਾਮ ਦੁਆਰਾ ਸਹਿਜ ਬਿਵਸਥਾ ਵਿਖੇ ਸਮਾ ਜਾਈਦਾ ਹੈ।

*ਸਚੇ ਰਤੇ ਸੇ ਨਿਰਮਲੇ ਸਦਾ ਸਚੀ ਸੋਇ॥*
*ਐਥੈ ਘਰਿ ਘਰਿ ਜਾਪਦੇ*
*ਆਗੈ ਜੁਗਿ ਜੁਗਿ ਪਰਗਟੁ ਹੋਇ॥੧॥*
*ਏ ਮਨ ਰੂੜੇ ਰੰਗੁਲੇ ਤੂੰ ਸਚਾ ਰੰਗੁ ਚੜਾਇ॥*
*ਰੂੜੀ ਬਾਣੀ ਜੇ ਰਪੈ ਨਾ ਇਹੁ ਰੰਗੁ ਲਹੈ ਨ ਜਾਇ॥ ੧॥ਰਹਾਉ॥*
*ਹਮ ਨੀਚ ਮੈਲੇ ਅਤਿ ਅਭਿਮਾਨੀ ਦੂਜੈ ਭਾਇ ਵਿਕਾਰ॥*
*ਗੁਰਿ ਪਾਰਸਿ ਮਿਲਿਐ ਕੰਚਨੁ ਹੋਏ ਨਿਰਮਲ ਜੋਤਿ ਅਪਾਰ॥੨॥*
*ਬਿਨੁ ਗੁਰ ਕੋਇ ਨ ਰੰਗੀਐ ਗੁਰਿ ਮਿਲਿਐ ਰੰਗੁ ਚੜਾਉ॥*
*ਗੁਰ ਕੈ ਭੈ ਭਾਇ ਜੋ ਰਤੇ ਸਿਫਤੀ ਸਚਿ ਸਮਾਉ॥੩॥*
*ਭੈ ਬਿਨੁ ਲਾਗਿ ਨ ਲਗਈ ਨਾ ਮਨੁ ਨਿਰਮਲੁ ਹੋਇ॥*
*ਬਿਨੁ ਭੈ ਕਰਮ ਕਮਾਵਣੇ ਝੂਠੇ ਠਾਉ ਨ ਕੋਇ॥੪॥*
*ਜਿਸ ਨੋ ਆਪੇ ਰੰਗੇ ਸੁ ਰਪਸੀ ਸਤਸੰਗਤਿ ਮਿਲਾਇ॥*
*ਪੂਰੇ ਗੁਰ ਤੇ ਸਤਸੰਗਤਿ ਊਪਜੈ ਸਹਜੇ ਸਚਿ ਸੁਭਾਇ॥੫॥*
*ਬਿਨੁ ਸੰਗਤੀ ਸਭਿ ਐਸੇ ਰਹਹਿ ਜੈਸੇ ਪਸੁ ਢੋਰ॥*
*ਜਿਨ੍ਹਿ ਕੀਤੇ ਤਿਸੈ ਨ ਜਾਣਨੀ ਬਿਨੁ ਨਾਵੈ ਸਭਿ ਚੋਰ॥੬॥*
*ਇਕਿ ਗੁਣ ਵਿਹਾਝਹਿ ਅਉਗਣ ਵਿਕਣਹਿ ਗੁਰ ਕੈ ਸਹਜਿ ਸੁਭਾਇ॥*
*ਗੁਰ ਸੇਵਾ ਤੇ ਨਾਉ ਪਾਇਆ ਵੁਠਾ ਅੰਦਰਿ ਆਇ॥੭॥*
*ਸਭਨਾ ਕਾ ਦਾਤਾ ਏਕੁ ਹੈ ਸਿਰਿ ਧੰਧੈ ਲਾਇ॥*
*ਨਾਨਕ ਨਾਮੇ ਲਾਇ ਸਵਾਰਿਅਨੁ ਸਬਦੈ ਲਏ ਮਿਲਾਇ॥੮॥੯॥੩੧॥ ਅੰਗ - ੪੨੬-੨੭*

ਭਾਵ - ਜਿਹੜੇ ਬਿਬੇਕੀ ਜਨ ਸੱਚੇ (ਨਾਮ) ਰੰਗ ਵਿਚ ਰਤੇ ਹੋਏ ਹਨ, ਸੋਈ ਜਨ ਨਿਰਮਲ (ਨਖਾਲਸ) ਖਾਲਸੇ ਹਨ ਅਤੇ ਤਿਨ੍ਹਾਂ ਦੀ ਸੋਭਾ ਸਦਾ ਸੱਚੀ ਹੈ। ਇਸ ਲੋਕ ਵਿਖੇ ਉਹਨਾਂ ਦਾ ਘਰੋ ਘਰੀ (ਹਰ ਘਰ ਅੰਦਰ) ਜਸ ਹੁੰਦਾ ਹੈ ਅਤੇ ਪਰਲੋਕ ਵਿਚ ਵੀ ਉਹਨਾਂ ਦੀ ਸੋਭਾ ਜੁਗੋ ਜੁਗ ਪ੍ਰਕਾਸ਼ਤ (ਪ੍ਰਕਾਸ਼ਮਾਨ) ਰਹਿੰਦੀ ਹੈ। ਹੇ ਗੂੜੇ ਰੰਗ ਦੇ ਅਸਲੇ ਵਾਲੇ ਮਨਾ! ਤੂੰ ਸੱਚਾ (ਅਸਲੀ) ਰੰਗ ਚਲੂਲਾ ਚੜ੍ਹਾਇ

ਲੈ। (ਕਿਵੇਂ)…ਜੇ ਇਹ ਮਨ ਗੂੜੇ ਅਤੇ ਸੱਚੇ ਜਿਗਰੀ ਰੰਗਾਂ ਵਿਚ ਰੰਗਣ ਵਾਲੀ ਗੁਰਬਾਣੀ ਨਾਲ ਰੰਗਿਆ ਜਾਵੇ ਤਾਂ ਨਾ ਇਹ ਰੰਗ ਕਦੇ ਲਹੇਗਾ ਨਾ ਲਾਮ (ਲਾਂਭੇ) ਹੋਵੇਗਾ। ਨਾਮ ਪ੍ਰਮਾਰਥੀ ਜੀਵਤ ਭਾਵ ਤੋਂ ਰਹਿਤ, ਦੂਜੇ ਭਾਇ ਦੇ ਵਿਕਾਰਾਂ ਕਰਕੇ ਅਤਿ ਦਰਜੇ ਦੇ ਅਹੰਕਾਰੀ ਅਤੇ ਨੀਚ ਮੈਲੇ ਸੰਸਾਰੀ ਜੀਵ, ਗੁਰੂ ਰੂਪੀ ਪਾਰਸ ਨਾਲ ਮਿਲਣ (ਪਰਸੇ ਜਾਣ) ਕਰਕੇ ਬਾਰ੍ਹਾਂ-ਵੰਨੀ ਕੰਚਨ (ਸੋਨੇ) ਦੇ ਵਾਂਗ ਸ਼ੁੱਧ ਅਤੇ ਅਪਾਰ ਨਿਰਮਲ ਜੋਤਿ ਵਾਲੇ ਹੋ ਗਏ। ਗੁਰੂ ਦੀ ਪਾਰਸ ਕਲਾ ਬਿਨਾਂ ਐਸੇ ਚਲੂਲੇ ਮਜੀਠੀ ਰੰਗਾਂ ਵਿਚ ਕੋਈ ਨਹੀਂ ਰੰਗਿਆ ਜਾ ਸਕਦਾ ਅਤੇ ਗੁਰੂ ਦੇ ਮਿਲਣ ਕਰਕੇ ਹੀ ਐਸੇ ਚਲੂਲੇ ਰੰਗਾਂ ਦਾ ਚੜ੍ਹਾਉ ਚੜ੍ਹ ਸਕਦਾ ਹੈ। ਜਿਨ੍ਹਾਂ ਨੂੰ ਗੁਰੂ ਦੀ ਭੈ-ਭਾਵਨੀ ਦਾ ਪਾਹ ਰੂਪੀ ਰੰਗ ਚੜ੍ਹ ਗਿਆ ਹੈ ਉਹਨਾਂ ਦਾ ਹੀ ਸਿਫਤਿ-ਸਲਾਹ ਵਿਚ ਸੱਚ ਕਰਕੇ (ਸਚਮੁਚ, ਅਸਲੀ) ਸਮਾਵਣਾ ਹੋਇਆ ਹੈ।

*('ਗੁਰਮਤਿ ਬਿਬੇਕ' ਪੁਸਤਕ ਵਿਚੋਂ)*

***ਰਾਮ ਰੰਗੁ ਕਦੇ ਉਤਰਿ ਨ ਜਾਇ॥***
***ਗੁਰੁ ਪੂਰਾ ਜਿਸੁ ਦੇਇ ਬੁਝਾਇ॥੧॥***
***ਹਰਿ ਰੰਗਿ ਰਾਤਾ ਸੋ ਮਨੁ ਸਾਚਾ॥***
***ਲਾਲ ਰੰਗ ਪੂਰਨ ਪੁਰਖੁ ਬਿਧਾਤਾ॥੧॥ਰਹਾਉ॥***
***ਸੰਤਹ ਸੰਗਿ ਬੈਸਿ ਗੁਨ ਗਾਇ॥***
***ਤਾ ਕਾ ਰੰਗੁ ਨ ਉਤਰੈ ਜਾਇ॥੨॥***
***ਬਿਨੁ ਹਰਿ ਸਿਮਰਨ ਸੁਖੁ ਨਹੀ ਪਾਇਆ॥***
***ਆਨ ਰੰਗ ਫੀਕੇ ਸਭ ਮਾਇਆ॥੩॥***
***ਗੁਰਿ ਰੰਗੇ ਸੇ ਭਏ ਨਿਹਾਲ॥***
***ਕਹੁ ਨਾਨਕ ਗੁਰ ਭਏ ਹੈ ਦਇਆਲ॥੪॥੭੨॥੧੪੧॥***
***ਅੰਗ - ੧੯੪***

## *(ਪੰਨਾ 10 ਦੀ ਬਾਕੀ)*

ਆਦਰਸ਼ਕ ਮਨੁੱਖ ਦਾ ਜਨਮ ਅਸਥਾਨ ਹੈ। ਹੋਲਾ ਮਹਲਾ ਬੀਰਤਾ ਦਾ ਚਿੰਨ੍ਹ ਹੈ ਤੇ ਮਹਾਨ ਇਨਕਲਾਬੀ ਪ੍ਰੀਤਮ ਦੇ ਨਵੀਨ ਸੁਪਨੇ ਦਾ ਚਿੱਤਰ ਹੈ। ਸੰਤ ਸਿਪਾਹੀ, ਨਾਮ, ਇਖਲਾਕ ਤੇ ਸ਼ਕਤੀ ਦਾ ਸੁਮੇਲ ਹੈ, ਇਸ ਨੂੰ ਪਰਉਪਕਾਰ ਕਰਨ ਵਿਚ ਅਗੰਮੀ ਰਸ 'ਤੇ ਚਾਅ ਪ੍ਰਾਪਤ ਹੁੰਦਾ ਹੈ। ਕਲਗੀਧਰ ਦਸ਼ਮੇਸ਼ ਪਿਤਾ ਨੇ ਦੋ ਤਰਾਂ ਦੀ ਹੋਲੀ ਖੇਡੀ।

੧. ਖਾਲਕ ਨਾਲ ਸੰਬੰਧਤ।

੨. ਖਲਕਤ ਨਾਲ ਸੰਬੰਧਤ।

ਇਕ ਨਮੂਨੇ ਦੀ ਹੋਲੀ, ਦੂਜਾ ਨਮੂਨੇ ਦਾ ਹੋਲਾ। ਦਾਤਾਰ ਪਿਤਾ ਨੇ ਉਹ ਪਿਚਕਾਰੀ ਵਰਤੀ ਜਿਸ ਨਾਲ ਆਪਣੇ ਹੱਥਾ ਦੁਆਰਾ ਗੁਲਾਲ ਉਡਾਕੇ ਸਾਰੀ ਕਾਇਨਾਤ, ਧਰਤੀ ਤੇ ਆਕਾਸ਼ ਦੋਨੋਂ ਜਹਾਨ ਨਾਮ ਰੰਗ ਨਾਲ ਰੰਗ ਦਿੱਤੇ। ਆਪਣੀ ਮਿਹਰ ਦੀ ਪਿਚਕਾਰੀ ਨਾਲ ਸਾਰੇ ਜੀਵ ਨਾਮ ਰੱਤੜੇ ਬਣਾ ਦਿੱਤੇ।

***ਗੁਲਾਲ ਅਫਸ਼ਾਨੀ ਅਜ਼ ਦਸਤੇ ਮੁਬਾਰਕ॥***
***ਜ਼ਮੀਨੋ ਅਸਮਾਂ ਰਾ ਸੁਰਖਰੂ ਕਰਦ॥***
***ਦੁ ਆਲਮ ਗਸ਼ਤ ਰੰਗੀਂ ਅਜ਼ ਤੁਫ਼ੈਲਸ॥***
***ਚੁ ਸ਼ਾਹਮ ਜਾਮਹ ਰੰਗੀ ਦਰ ਗੁਲੂ ਕਰਦ॥***
***(ਦੀਵਾਨ ਗੋਯਾ ਭਾਈ ਨੰਦ ਲਾਲ ਜੀ)***

ਦੂਜਾ ਨਮੂਨੇ ਦਾ ਹੋਲਾ, ਪਰਉਪਕਾਰ, ਭਲਾਈ, ਕੁਰਬਾਨੀ ਆਪਾ ਵਾਰਨ, ਸ਼ਹਾਦਤ ਨਾਲ ਸਬੰਧਤ ਹੈ। ਸਾਰਾ ਸੰਸਾਰ ਕੱਚੇ ਲਾਲ ਰੰਗ ਨਾਲ ਖੇਡ ਕੇ ਪ੍ਰਸੰਨ ਹੁੰਦਾ ਰਿਹਾ ਪਰ ਧੰਨ ਹਨ ਦਾਤਾਰ ਪਿਤਾ ਜੀ ਕਿ ਆਪ ਉਮਰ ਭਰ ਖੂਨ ਨਾਲ ਹੋਲੀ ਖੇਡਦੇ ਰਹੇ। ਖਾਲਸਾ ਦੁਨਿਆਵੀ ਕ੍ਰਿਤ ਨਹੀਂ ਰੱਬੀ ਕ੍ਰਿਤ ਸੀ ਕਿਉਂਕਿ ਇਸ ਦੀ ਰਚਨਾ ਅਕਾਲ ਪੁਰਖ ਦੀ ਆਗਿਆ ਤੇ ਬਖ਼ਸ਼ਿਸ਼ ਦੁਆਰਾ ਹੋਈ ਸੀ। ਇਸ ਦੀ ਇਮਾਰਤ ਲਈ ਰੇਤਾ, ਸੀਮਿੰਟ, ਇੱਟਾਂ ਜਾਂ ਨਿਰਦੋਸ਼ਾਂ ਦੇ ਖੂਨ ਦੀ ਬਲੀ ਨਹੀਂ ਸੀ ਚਾਹੀਦੀ। ਗੁਰਦੇਵ ਜੀ ਨੇ ਖਾਲਸੇ ਨੂੰ ਆਪਣਾ ਬਣਾਉਣ ਜਾਂ ਉਸ ਵਿੱਚ ਅਭੇਦ ਹੋਣ ਲਈ ਇਸ ਦੀ ਨੀਂਹ ਵਿੱਚ ਆਪਣੇ ਪਰਿਵਾਰ ਦਾ ਖੂਨ ਡੋਲ੍ਹਿਆ। ਪਿਤਾ ਮਾਤਾ ਤੇ ਸਾਹਿਬਜ਼ਾਦੇ ਖਾਲਸੇ ਲਈ ਵਾਰੇ ਤੇ ਅੰਤ ਨੂੰ ਆਪਣਾ ਆਪ ਵੀ ਕੁਰਬਾਨ ਕਰ ਦਿੱਤਾ।

ਆਪ ਜੀ ਨੇ ਆਪਣਾ ਨਿਵਾਸ ਖਾਲਸੇ ਵਿੱਚ ਕੀਤਾ ਸੀ। ਹੁਣ ਖਾਲਸੇ ਨੇ ਵੀ ਘੱਟ ਕੁਰਬਾਨੀ ਨਹੀਂ ਕੀਤੀ। ਖੂਨ ਨਾਲ ਉਹ ਹੋਲੀ ਖੇਡੀ ਕਿ ਸਾਰੀ ਦੁਨੀਆਂ ਦੰਗ ਰਹਿ ਗਈ। ਮੁਗਲ ਹਕੂਮਤ ਮਾਰਦੀ ਰਹੀ ਪਰ ਸਿੱਖੀ ਨਹੀਂ ਮੁੱਕੀ। ਜਦ ਮਹਾਂ ਸਿੰਘ ਦੀਆਂ ਅੱਖਾਂ ਖੁੱਲ੍ਹੀਆਂ ਤਾਂ ਉਸਨੇ ਤੇ ਉਹਦੇ ੪੦ ਸਾਥੀਆਂ ਨੇ ਆਪਣੇ ਖੂਨ ਨਾਲ ਭਰ ਕੇ ਪਿਚਕਾਰੀਆਂ ਚਲਾਈਆਂ ਤੇ ਆਪਣੇ ਆਪ ਨੂੰ ਸੁਰਖ਼ਰੂ ਕੀਤਾ। ਬਾਬਾ ਦੀਪ ਸਿੰਘ ਨੇ ਆਪਣਾ ਬਚਨ ਨਿਭਾਉਂਦਿਆਂ ਆਪਣਾ ਕੱਟਿਆ ਸੀਸ,ਖੂਨ ਨਾਲ ਰੰਗਿਆ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾ ਵਿੱਚ ਸੁੱਟ ਕੇ ਮੁਗਲ ਰਾਜ ਦੀਆਂ ਜੜ੍ਹਾਂ ਵਿੱਚ ਤੇਲ ਪਾ ਦਿੱਤਾ। ਖਾਲਸੇ ਨੇ ਨਨਕਾਣਾ ਸਾਹਿਬ ਤੇ ਜੈਤੋ ਦੇ ਮੋਰਚੇ ਵਿਚ ਆਪਣੀ ਰੱਤ ਪਾਣੀ ਵਾਂਗ ਵਗਾਈ। ਬੀਬੀਆਂ ਨੇ ਮਹਿੰਦੀ ਦੀ ਥਾਂ ਆਪਣੇ ਮਾਸੂਮ ਬੱਚਿਆਂ ਦੀ ਰੱਤ ਨਾਲ ਹੱਥ ਰੰਗੇ। ਸਿੱਖ ਇਤਿਹਾਸ ਬੇਅੰਤ ਕੁਰਬਾਨੀਆਂ ਨਾਲ ਰੰਗਿਆ ਹੋਇਆ ਹੈ ਜਿਨ੍ਹਾਂ ਵਿਚੋਂ ਬਹੁਤੀਆਂ ਕੁਰਬਾਨੀਆਂ ਦਾ ਪਤਾ ਹੀ ਨਹੀਂ, ਉਹ ਇਤਿਹਾਸ ਦਾ ਅੰਗ ਨਹੀਂ ਬਣ ਸਕੀਆਂ। ਕਲਗੀਧਰ ਦਸ਼ਮੇਸ਼ ਪਿਤਾ ਜੀ ਦੇ ਸਦਕੇ, ਅਕਾਲ ਪੁਰਖ ਦੀ ਖਾਲਸ ਕ੍ਰਿਤ ਹੁਣ ਤੱਕ ਅਣਖ ਤੇ ਇਨਸਾਫ਼ ਦੀ ਖਾਤਰ ਖੂਨ ਨਾਲ ਹੋਲੀ ਖੇਡ ਕੇ ਸਿਰਾਂ ਦੀ ਬਾਜ਼ੀ ਲਾਉਂਦਾ ਆਇਆ ਹੈ ਤੇ ਭਵਿੱਖ ਵਿੱਚ ਵੀ ਲਾਉਂਦਾ ਰਹੇਗਾ।

# ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ

*[ਪ੍ਰਿੰਸੀਪਲ ਸੱਜਣ ਸਿੰਘ ਜੀ]*

ਜੇਕਰ ਸਿੱਖ ਇਤਿਹਾਸ ਦੀ ਫ਼ਿਲਮ ਤੱਕੀਏ, ਵਰਕੇ ਖ਼ੂਨ ਦੀ ਸਿਆਹੀ ਨਾਲ ਭਰੇ ਦਿੱਸਦੇ।
ਨਜ਼ਰ ਆਂਵਦੀ ਖੋਪਰੀ ਲਹੇ ਪੁੱਠੀ, ਆਰੇ ਸਿੰਘਾਂ ਦੇ ਸੀਸ ਤੇ ਧਰੇ ਦਿਸਦੇ।
ਸਿੱਖੀ ਮਹਿਲ ਦੀ ਨੀਂਵ ਮਜ਼ਬੂਤ ਕਰਦੇ, ਸਾਹਿਬਜ਼ਾਦੇ ਕੰਧ ਵਿਚ ਖੜੇ ਦਿੱਸਦੈ।
ਸੱਚੇ ਪ੍ਰੇਮ ਦੀ ਗਲੀ ਵਿਚ ਦੀਪ ਸਿੰਘ ਜੀ, ਬਿਨਾਂ ਸੀਸ ਤੋਂ ਜਾਂਵਦੇ ਲੜੇ ਦਿੱਸਦੇ।

ਅੰਮ੍ਰਿਤ-ਜਾਮ ਦੇ ਨਸ਼ੇ ਵਿਚ ਮਸਤ ਹੋ ਕੇ ਜਾਨਾਂ ਵਾਰੀਆਂ ਜਿਨ੍ਹਾਂ ਅਣਮੋਲੀਆਂ ਵੇ।
ਕੱਚੇ ਰੰਗ ਨਾਲ ਦੱਸ ਕਿੰਜ ਖੇਡ ਸਕੇ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

ਗਜ਼ਨੀ ਟੱਕੇ ਦੇ ਭਾਅ ਜਦ ਵਿਕਦੀਆਂ ਸਨ, ਭਾਰਤ-ਮਾਤਾਂ ਦੀਆਂ ਬੱਚੀਆਂ ਬੋਲੀਆਂ ਵੇ।
ਘਰ ਪਹੁੰਚਣ ਤੋਂ ਪਹਿਲਾਂ ਦਬੋਚ ਲੈਂਦੇ, ਜ਼ਾਲਮ ਸੱਜ-ਵਿਆਹੀਆਂ ਦੀਆਂ ਡੋਲੀਆਂ ਵੇ।
ਓਸ ਸਮੇਂ ਵੀ ਇਹੋ ਹੀ ਖੇਡ ਚੱਲਦੀ ਟੁਰਦੇ ਰਾਹੀ ਨ ਛੱਡੇ ਹਮਜੋਲੀਆਂ ਵੇ।
ਨੱਕ ਹੁੰਦਿਆਂ ਰੰਗੋਂ ਬੇਰੰਗ ਹੋ ਕੇ, ਕਿਵੇਂ ਹੱਸੇ ਤੇ ਖੇਡੀਆਂ ਹੋਲੀਆਂ ਵੇ।

ਰੰਗੇ ਕੱਪੜੇ ਦੂਰੋਂ ਤਾਂ ਇੰਜ, ਦਿੱਸਣ ਜੇ, ਬੀ, ਮੰਘਾ ਰਾਮ ਦੀਆਂ ਗੋਲੀਆਂ ਵੇ।
ਬਾਜ਼ੀ ਸਿਰਾਂ ਦੀ ਅਣਖ ਤੇ ਲਾਉਣ ਵਾਲਾ, ਖੇਡੇ ਖਾਲਸਾ-ਖ਼ੂਨ ਨਾ ਹੋਲੀਆਂ ਵੇ।

ਹੋਲੀ ਖੇਡਦਾ ਬੁੱਧੂ ਸ਼ਾਹ ਪੀਰ ਤੱਕੇ, ਸਦਕੇ ਜਾਂਵਦਾ ਪੁੱਤਰ ਕੁਰਬਾਨ ਕਰ ਕੇ।
ਕਲਗੀ ਵਾਲਤਾ ਸਮਾਂ ਉਡੀਕਦਾ ਸੀ, ਧਰਤੀ ਰੰਗਾਂਗਾ ਪੁੱਤਰ ਜਵਾਨ ਕਰ ਕੇ।
ਡਿੱਠਾ ਮਹਾਂ ਸਿੰਘ ਖ਼ੂਨ ਨਾਲ ਖੇਡਦਾ ਮੈਂ, ਖਿੜੇ ਮੱਥੇ ਫਿਟਕਾਰਾਂ ਪ੍ਰਵਾਨ ਕਰ ਕੇ।
ਅਣਖੀ ਖ਼ੂਨ ਨੇ ਜੂਝ ਕੇ ਜੰਗ ਕੀਤੀ, ਟੁੱਟੀ ਗੰਢ ਲਈ ਪ੍ਰੀਤਮ ਦਾ ਧਿਆਨ ਧਰ ਕੇ।

ਨਨਕਾਣਾ ਦੱਸ ਪਾਤੋਂ ਗਵਾਹ ਸਾਡੇ, ਸਿੰਘਾਂ ਛਾਤੀ ਚਿ ਖਾਧੀਆਂ ਗੋਲੀਆਂ ਵੇ।
ਬੰਨ੍ਹ ਕੇ ਕਫ਼ਨ ਬਸੰਤੀ ਦਸਤਾਰ ਉੱਤੇ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

ਕੀਤੀ ਘੱਟ ਨਹੀਂ ਸਾਡੀਆਂ ਬੀਬੀਆਂ ਨੇ, ਜਿਸ ਢੰਗ ਨਾਲ ਖੇਡੀਆਂ ਹੋਲੀਆਂ ਵੇ।
ਟੋਟੇ ਟੋਟੇ ਕਰਵਾ ਕੇ ਬੱਚਿਆਂ ਦੇ ਭਰੀਆਂ ਹੱਸ ਕੇ ਆਪਣੀਆਂ ਝੋਲੀਆਂ ਵੇ।
ਥਾਵੇਂ ਮਹਿੰਦੀ ਦੇ ਲਹੂ ਨਾਲ ਹੱਥ ਰੰਗੇ, 'ਹਾਏ' 'ਸੀ' ਨਾ ਮੁੱਖ ਤੋਂ ਬੋਲੀਆਂ ਵੇ।
ਦੇਖ ਲਵੋ ਕਰਤਾਰ ਨੇ ਕਿੱਸ ਤੱਕੜੀ, ਕੁਰਬਾਨੀਆਂ ਇਨ੍ਹਾਂ ਦੀਆਂ ਤੋਲੀਆਂ ਵੇ।

ਹਰ ਕੋਈ ਸਮਝਦਾ ਮੁਗ਼ਲ ਸਮਰਾਜ ਦੀਆਂ, ਗੰਢਾਂ ਪੀਚੀਆਂ ਇਨ੍ਹਾਂ ਨੇ ਖੋਲ੍ਹੀਆਂ ਵੇ।
ਖ਼ੂਨ ਜਿਨ੍ਹਾਂ ਦਾ ਡੁਲ੍ਹਿਆ ਪੁਕਾਰਦਾ ਏ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

ਸੀਸ ਵੇਚ ਕੇ ਹੋਈਆਂ ਨਸੀਬ ਸਾਨੂੰ, ਕਲਗੀਧਰ ਦੀਆਂ ਬਖ਼ਸ਼ੀਆਂ ਦਾੜ੍ਹੀਆਂ ਵੇ।
ਪਿਆਰੇ ਖਾਲਸਾ ਕਦੇ ਅਮਾਨਤਾਂ ਨਹੀਂ, ਖ਼ੁਦਦਾਰ ਨੇ ਕਦੇ ਵਿਗਾੜੀਆਂ ਵੇ।
ਅਦਬ ਕਾਹਦਾ ਫਿਰ ਕੇਸਾਂ ਤੋਂ ਪਗੜੀਆਂ ਦਾ? ਸੁੱਟੇ ਰੰਗ ਤੇ ਲਾਇ ਕੋਈ ਤਾੜੀਆਂ ਵੇ।
ਗੁਰਮੁਖ ਪਿਆਰੇ ਨੂੰ ਸ਼ੋਭਾ ਇਹ ਦੇਂਵਦਾ ਨਹੀਂ, ਨਾਮ ਜਪੇ ਜਿਹਦੇ ਰੋਮ ਤੇ ਨਾੜੀਆਂ ਵੇ।

ਪੱਕੇ ਰੰਗ ਨਾਲ ਕਾਇਆਂ ਜਿਸ ਰੰਗ ਲਈ ਏ, ਉਹਦੇ ਦਰਸ਼ਨ ਤੋਂ ਜਾਵਾਂ ਮੈਂ ਘੋਲੀਆਂ ਵੇ।
ਸਾਰੇ ਰੰਗ ਨਾ ਖੇਡ ਪ੍ਰਸੰਨ ਹੁੰਦੇ, ਖੇਡੇ ਖ਼ਾਲਸਾ-ਖ਼ੂਨ ਨਾ ਹੋਲੀਆਂ ਵੇ।

# ਸਿੰਘਾਂ ਦਾ ਹੋਲਾ ਤੇ ਲੋਕਾਂ ਦੀ ਹੋਲੀ

*[ਪ੍ਰਿੰਸੀਪਲ ਨਾਹਰ ਸਿੰਘ ਜੀ]*

### ੧. ਹੋਲੇ ਮਹੱਲੇ ਦੀ ਮਹੱਤਤਾ ਤੇ ਪ੍ਰਭਾਵ

*ਜਬ ਲਗੇ ਖਾਲਸਾ ਰਹੇ ਨਿਆਰਾ॥*
*ਤਬ ਲਗ ਤੇਜ ਦੀਓ ਮੈਂ ਸਾਰਾ॥*
*ਜਬ ਇਹ ਗਹੈ ਬਿਪਰਨ ਕੀ ਰੀਤ॥*
*ਮੈ ਨ ਕਰਉਂ ਇਨ ਕੀ ਪ੍ਰਤੀਤ॥*

ਸਤਿਗੁਰਾਂ ਨੇ ਇਕ ਅਜਿਹੇ ਪੰਥ ਦੀ ਸਿਰਜਨਾ ਕੀਤੀ ਕਿ ਇਕ ਸਿੰਘ ਹਜ਼ਾਰਾਂ ਲੱਖਾਂ ਦੀ ਗਿਣਤੀ ਵਿਚ ਵੀ ਗੁੱਝਾ ਨਹੀਂ ਰਹਿੰਦਾ। ਪਰ ਨਾਲ ਹੀ ਲੁਤਫ ਇਹ ਹੈ ਕਿ ਰੱਬ ਦੀ ਦਿੱਤੀ ਸੂਰਤ ਸ਼ਕਲ ਨੂੰ ਵੀ ਸਹੀ ਸਲਾਮਤ ਕਾਇਮ ਰੱਖਿਆ। ਇਹ ਪੰਥ ਨਿਰਾ ਹੀ ਨਵੇਕਲਾ, ਨਿਰਾਲਾ, ਨਿਆਰਾ ਹੁੰਦਾ ਹੋਇਆ ਵੀ ਨਿੱਤ ਨਵਾਂ ਨਰੋਆ ਅਤੇ ਨੌਂ-ਬਰ-ਨੌਂ ਹੋਣ ਦੀ ਸਾਖੀ ਭਰਦਾ ਹੈ। ਇਹ ਖਾਲਸਾ ਪੰਥ ਕੁਦਰਤੀ ਤੌਰ ਤੇ ਸਦਾ ਚੜ੍ਹਦੀ ਕਲਾ, ਸਾਹਸ, ਹੌਸਲਾ, ਹਿੰਮਤ ਤੇ ਆਸਾਂ ਭਰਪੂਰ ਕਰਨੀਆਂ ਕਮਾਈਆਂ ਦਾ ਪ੍ਰਤੀਕ ਤੇ ਹਾਮੀ ਰਿਹਾ ਹੈ ਅਤੇ ਰਹੇਗਾ। ਸਿੰਘਾਂ ਦੇ ਜੰਮਣ, ਜੀਊਣ, ਪਲਣ, ਕਾਰ-ਵਿਹਾਰ ਅਤੇ ਮਰਨ ਦੇ ਆਪਣੇ ਹੀ ਢੰਗ ਹਨ। ਬਾਕੀ ਛੱਡੋ, ਮਰਨ ਵਾਲੀ ਗੱਲ ਕਰੀਏ -

*ਮਰਣੁ ਮੁਣਸਾ ਸੂਰਿਆ ਹਕੁ ਹੈ*
*ਜੋ ਹੋਇ ਮਰਨਿ ਪਰਵਾਣੋ॥ ਅੰਗ - ੫੭੯-੮●*

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥੨੨॥*
*ਅੰਗ - ੧੩੬੫*

ਇਹ ਖਿੜੇ ਮੱਥੇ ਮੌਤ ਦਾ ਸੁਆਗਤ ਕਰਦੇ ਹਨ। ਮਨ ਅੰਦਰ ਮੌਤ ਲਈ ਚਾਉ ਪੈਦਾ ਕਰਨ ਹਿਤ ਚੜ੍ਹਦੀ ਕਲਾ ਦੇ ਬੋਲੇ ਬੋਲਦੇ ਹਨ :- ਚੜਾਈ ਕਰ ਜਾਣਾ, ਮੌਤ ਲਾੜੀ ਨਾਲ ਵਿਆਹ ਕਰਨਾ, ਅਕਾਲ ਚਲਾਣਾ ਕਰਨਾ, ਪ੍ਰਭੂ ਨੂੰ ਪਿਆਰੇ ਹੋਣਾ, ਸੁਆਸ ਪੂਰੇ ਕਰਨਾ, ਜੀਵਨ ਯਾਤਰਾ ਸਫਲ ਕਰ ਚੁਕਣਾ, ਸਤਿਗੁਰ ਦੀ ਗੋਦ ਵਿਚ ਬਿਰਾਜਣਾ, ਸੱਚਖੰਡ ਵਿਚ ਵਾਸਾ ਕਰਨਾ, ਪ੍ਰਭੂ ਚਰਨਾਂ ਵਿੱਚ ਨਿਵਾਸ ਕਰਨਾ, ਪਰਲੋਕ ਸਿਧਾਰਨਾ, ਸਵਰਗਵਾਸ ਹੋਣਾ, ਪੂਰੇ ਹੋਣਾ, ਨਿਜ-ਘਰ ਵਾਸਾ ਕਰਨਾ, ਜੋਤੀ ਜੋਤ ਸਮਾਉਣਾ, ਆਦਿ।

ਸਿੰਘਾਂ ਦੇ ਮੇਲੇ, ਇਕੱਠ, ਸਮਾਗਮ ਤੇ ਦੀਵਾਨ, ਰਸਮ ਰਿਵਾਜ ਵੀ ਨਿਰਾਲੇ ਹੀ ਹਨ। ਪਰ ਸਰਬੱਤ ਦਾ ਭਲਾ ਮੰਗਣ ਵਾਲੇ ਤੇ ਸਦਾ ਚੜ੍ਹਦੀ ਕਲਾ ਦੇ ਪ੍ਰਤੀਕ, ਤੇ ਨਾਲ ਹੀ ਅਰਦਾਸ ਵੀ ਕਰਦੇ ਹਨ :

ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ। ਦੇਗ ਤੇਗ ਫਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸਾ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ।

ਅਰਦਾਸ ਦੀ ਸਮਾਪਤੀ ਵੀ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਦੀਆਂ ਸ਼ੁਭ ਇਛਾਵਾਂ ਸਹਿਤ ਕਰਦੇ ਹਨ।

### ੨. ਹੋਲੇ ਦਾ ਮੰਤਵ

ਇਸ ਸਾਰੀ ਭੂਮਿਕਾ ਦਾ ਤਾਤਪਰਜ ਇਹ ਹੈ ਕਿ ਸਤਿਗੁਰਾਂ ਨੇ ਪੁਰਾਣੇ ਤਿਉਹਾਰਾਂ ਨੂੰ, ਜਿਨ੍ਹਾਂ ਨੂੰ ਆਮ ਲੋਕ ਬੜੇ ਨਿਘਰੇ ਹੋਏ, ਨਿੰਦਨੀਯ ਗੰਦੇ ਢੰਗਾਂ ਨਾਲ ਮਨਾਉਂਦੇ ਸਨ, ਮਨਾਉਣ ਲਈ ਨਵੇਂ ਨਰੋਏ ਵਸੀਲੇ ਤੇ ਢੰਗ ਵਰਤੇ। ਤਿਉਹਾਰ ਵੀ ਮਨਾਇਆ ਗਿਆ ਤੇ ਪ੍ਰਾਣੀ ਮਾਤਰ ਦੇ ਸਰੀਰਕ, ਮਾਨਸਿਕ ਤੇ ਆਤਮਿਕ ਵਿਕਾਸ ਨੂੰ ਵੀ ਪ੍ਰਗਤੀਸ਼ੀਲ ਤੇ ਲਾਭਕਾਰੀ, ਉਸਾਰੂ, ਸਿਖਿਆਦਾਇਕ ਅਵਸਰ ਮਿਲੇ। ਸਤਿਗੁਰੂ ਅਰਜਨ ਦੇਵ ਜੀ ਨੇ ਗਉੜੀ ਸੁਖਮਨੀ ਦੇ ਪੰਨਾ ੨੮੬ ਤੇ ਫੁਰਮਾਇਆ ਹੈ -

*ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥*
*ਸੇਵਕ ਕਉ ਗੁਰੁ ਸਦਾ ਦਇਆਲ॥*
*ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥*
*ਗੁਰ ਬਚਨੀ ਹਰਿ ਨਾਮੁ ਉਚਰੈ॥*

*ਸਤਿਗੁਰੁ ਸਿਖ ਕੇ ਬੰਧਨ ਕਾਟੈ॥*
*ਗੁਰ ਕਾ ਸਿਖੁ ਬਿਕਾਰ ਤੇ ਹਾਟੈ॥*
*ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥*
*ਗੁਰ ਕਾ ਸਿਖੁ ਵਡਭਾਗੀ ਹੇ॥*
*ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥*
*ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥੧॥੧੮॥*

ਇਸ ਸ਼ਬਦ ਦੇ ਆਸ਼ੇ ਨੂੰ ਪੂਰਾ ਕਰਨ ਹਿਤ ਦਸਮੇਸ਼ ਪਿਤਾ ਜੀ ਨੇ ਆਪਣੇ ਸਿੱਖਾਂ ਲਈ ਕੀ ਕੁਝ ਨਹੀਂ ਕੀਤਾ। ਉਹਨਾਂ ਨੇ ਇਸ ਸ਼ਬਦ ਦੇ ਆਸ਼ੇ ਨੂੰ ਮੁੱਖ ਰੱਖ ਕੇ ਸਿੱਖਾਂ ਲਈ ਆਪਣਾ ਆਪ, ਹਜ਼ਾਰਾਂ ਹੀ ਪ੍ਰਾਣਾਂ ਤੋਂ ਪਿਆਰੇ ਸਿੱਖ, ਮਾਤਾ, ਪਿਤਾ, ਚਾਰ ਪੁੱਤਰ, ਪੰਜ ਮਾਮੇ, ਪੰਜ ਭੂਆ (ਬੀਬੀ ਵੀਰੋ) ਦੇ ਪੁੱਤਰਾਂ ਤੋਂ ਬਿਨਾਂ ਲੱਖਾਂ ਦੀਆਂ ਜਾਇਦਾਦਾਂ, ਆਪਣੀਆਂ ਤੇ ੫੨ ਕਵੀਆਂ ਦਾ ਮਣਾਂ ਮੂੰਹ ਸਾਹਿਤ, ਸਰੀਰਕ ਤੇ ਮਾਨਸਿਕ ਸੁਖ ਕੁਰਬਾਨ ਕੀਤੇ। ਕਲਗੀਧਰ ਜੀ ਨੇ ਸਿੱਖਾਂ ਲਈ ਨਹੀਂ, ਭਾਰਤ ਦੀ ਆਨ ਸ਼ਾਨ ਬਦਲੇ, ਸਭ ਧਰਮਾਂ ਦੀ ਅਜ਼ਾਦੀ ਲਈ, ਸਗੋਂ ਮਨੁੱਖ ਮਾਤਰ ਦੀ ਰੱਖਿਆ ਕਰਨ ਅਤੇ ਦੁਸ਼ਟਾਂ ਦੋਖੀਆਂ ਨੂੰ ਦੰਡ ਦੇਣ ਲਈ, ਆਪਣੇ ਜਨਮ-ਮਨੋਰਥ ਨੂੰ ਪੂਰਾ ਕਰਨ ਲਈ, ਅਕਾਲ ਪੁਰਖ ਦਾ ਆਦੇਸ਼ ਫੁਰਮਾਇਆ –

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸ਼ਟ ਦੋਖੀਅਨ ਪਕਰਿ ਪਛਾਰੋ॥੪੨॥*
*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸ਼ਟ ਸਭਨ ਕੋ ਮੂਲ ਉਪਾਰਨ॥੪੩॥* ***ਬਚਿਤ੍ਰ ਨਾਟਕ***

ਦੁਸ਼ਟਾਂ ਦੋਖੀਆਂ ਨੂੰ ਸੋਧਣ ਲਈ, ਡਿਗਿਆਂ ਢਠਿਆਂ ਨੂੰ ਉਪਰ ਚੁੱਕ ਕੇ ਗਲ ਲਾਉਣ ਲਈ, ਧਰਮ ਨਿਭਾਉਣ ਲਈ, 'ਸਵਾ ਲਾਖ ਸੇ ਏਕ ਲੜਾਊਂ' ਲਈ, ਹੋਲੀ ਨੂੰ ਹੋਲੇ ਦਾ ਰੂਪ ਦੇ ਕੇ, ਨਿੱਘਰੇ ਹੋਇ ਲੋਕਾਂ ਦੇ ਮਨਾਂ ਅਤੇ ਸਰੀਰਾਂ ਵਿਚ ਅਜਿਹੀ ਸਪਿਰਟ, ਜਜ਼ਬਾ, ਦਲੇਰੀ ਅਤੇ ਨੇਕ ਕਾਰਜਾਂ ਦੀ ਪੂਰਤੀ ਦੀਆਂ ਭਾਵਨਾਵਾਂ ਪ੍ਰਦਾਨ ਕੀਤੀਆਂ ਜੋ ਅੱਜ ਤੱਕ ਲਗਾਤਾਰ ਜਾਰੀ ਹਨ। ਖ਼ਾਲਸੇ ਦੀ ਸਿਰਜਨਾ, ਭਾਵ, ਅੰਮ੍ਰਿਤ ਸੰਚਾਰ ਅਤੇ ਪੰਜ ਪਿਆਰਿਆਂ ਦੀ ਆਪਾ-ਵਾਰੂ ਚੋਣ ਨੇ ਸੋਨੇ ' ਤੇ ਸੁਹਾਗੇ ਦਾ ਕੰਮ ਕੀਤਾ।

**੩. ਹੋਲੀ** :- ਹਰ ਦੇਸ਼ ਆਪਣੇ ਢੰਗਾਂ ਨਾਲ ਸਿਆਲ ਨਿਕਲ ਜਾਣ ਤੇ ਖੁੱਲ੍ਹੀ ਬਹਾਰ ਆ ਜਾਣ ਦੀਆਂ ਖੁਸ਼ੀਆਂ ਮਨਾਉਂਦਾ ਹੈ। ਸੋ ਭਾਰਤ ਵਿਚ ਵੀ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹਿੰਦੂ ਮਿਥਿਹਾਸ ਅਨੁਸਾਰ ਇਸ ਦਿਨ ਭਗਤ ਪ੍ਰਹਿਲਾਦ ਦੀ ਭੂਆ ਹੋਲਿਕਾ (ਦੁਸ਼ਟ ਹਰਨਾਕਸ਼ ਦੀ ਭੈਣ) ਜਿਸ ਨੂੰ ਅੱਗ ਵਿਚ ਨਾ ਸੜਨ ਦਾ ਵਰ ਸੀ, ਪ੍ਰਭੂ-ਭਗਤ ਪ੍ਰਹਿਲਾਦ ਨੂੰ ਗੋਦ ਵਿਚ ਲੈ ਕੇ ਪ੍ਰਚੰਡ ਅਗਨੀ ਵਿਚ ਸਾੜਨ ਦਾ ਦੁਰਯਤਨ ਕਰਦੀ ਹੋਈ ਆਪ ਸੜ ਮਰੀ ਸੀ। ਪਰੰਤੂ ਬਾਲ-ਭਗਤ ਆਪ ਨਵਾਂ ਨਰੋਆ ਬਚ ਨਿਕਲਿਆ। ਸੋ ਹੋਲੀਆਂ ਦੇ ਦਿਨ ਖੁਸ਼ੀਆਂ ਭਰੇ ਦਿਨ ਹਨ, ਕਿਉਂਕਿ ਨੇਕੀ ਦੀ ਬਦੀ ਤੇ ਜਿੱਤ ਹੋਈ, ਸੱਚ ਦੀ ਝੂਠ ਤੇ ਫ਼ਤਹ ਦੇ ਨਗਾਰੇ ਵੱਜੇ। ਇਸ ਕਹਾਣੀ ਨੂੰ ਅੱਖੋਂ ਉਹਲੇ ਵੀ ਕਰ ਦੇਈਏ ਤਾਂ ਵੀ ਹੋਲੀ ਬਸੰਤ ਰੁੱਤ ਦੇ ਪਰਫੁੱਲਤ ਤੇ ਖੇੜਿਆਂ ਦੀ ਸੂਚਕ ਹੈ। ਭਾਰਤੀ ਲੋਕ ਆਦਿ ਤੋਂ ਹੀ ਹਰੇਕ ਰੁੱਤ ਦੇ ਪਲਟੇ ਤੇ ਰੁੱਤ ਅਨੁਸਾਰ ਦਿਲੀ-ਭਾਵ ਤੇ ਹੁਲਾਸ ਦਾ ਪ੍ਰਗਟਾਵਾ ਕਰਦੇ ਆਏ ਸਨ। ਪਰ ਆਪਣੀਆਂ ਕਮਜ਼ੋਰੀਆਂ ਕਾਰਨ ਆਪਣਾ ਤੇਜ ਪਰਤਾਪ ਤੇ ਰਾਜ ਭਾਗ ਗੁਆ ਬੈਠੇ ਤੇ ਨਾਲ ਹੀ ਖੁਸ਼ੀਆਂ ਦੇ ਸਾਧਨ ਅਤੇ ਉਨ੍ਹਾਂ ਦੀਆਂ ਰਸਮਾਂ ਜਿੰਦਹੀਣ ਕਲਬੂਤ ਬਣ ਕੇ ਰਹਿ ਗਈਆਂ। ਹੋਲੀ ਦੀ ਰਸਮ ਤਾਂ ਰਹਿ ਗਈ, ਪਰ ਇਸ ਵਿਚ ਰਹੱਸ ਜਾਂ ਸੁਆਦ, ਸ਼ਰਧਾ ਨਾ ਰਹੀ। ਇਹ ਕੇਵਲ ਇਕ ਦੂਜੇ ਤੇ ਰੰਗ, ਘੱਟਾ ਮਿੱਟੀ ਤੇ ਸੁਆਹ ਸੁੱਟਣ ਦਾ ਕੁਹਜਾ ਸ਼ੁਗਲ ਬਣ ਗਿਆ। ਸਿਆਣਿਆਂ ਤੇ ਦਰਦਮੰਦਾਂ ਨੇ ਅਜਿਹੇ ਵਤੀਰੇ ਤੇ ਖੇਦ ਤੇ ਦੁੱਖ ਪ੍ਰਗਟਾਇਆ। ਪਰਾਇਆਂ ਲਈ ਹਾਸੇ ਤੇ ਨਫ਼ਰਤ ਦਾ ਮੌਜੂ ਬਣ ਗਏ।

ਸਿੱਖ ਸਤਿਗੁਰਾਂ ਨੇ ਜੀਵਨ ਦੇ ਹਰ ਪੱਖ ਵਿਚ ਨਵੀਂ ਨੁਹਾਰ ਪ੍ਰਗਟਾਈ। ਦਸਮੇਸ਼ ਪਿਤਾ ਨੇ ਹੋਲੀ ਨੂੰ ਹੋਲੇ ਵਿਚ ਬਦਲ ਦਿੱਤਾ। ਇਹ ਇਕ ਮਹਾਨ ਦੂਰ-ਦ੍ਰਿਸ਼ਟੀ ਵਾਲਾ ਕਾਰਜ ਸੀ, ਜਿਸ ਦਾ ਪਰਤੱਖ ਪ੍ਰਭਾਵ ਅੱਜ ਵੀ ਦਿਸਦਾ ਹੈ। ਦਸਮੇਸ਼ ਜੀ ਨੇ ਹੋਲੀ ਦੇ ਗੰਦੇ ਟੋਲਿਆਂ ਨੂੰ ਅਜਿੱਤ ਸ਼ਸਤਰਧਾਰੀ, ਆਪਾ-ਵਾਰੂ, ਮਰਜੀਵੜਿਆਂ ਦੇ ਜਥਿਆਂ ਦਾ ਰੂਪ ਦਿੱਤਾ। ਆਪ ਜੀ ਨੂੰ ਧਰਮ ਰੱਖਿਅਕ, ਸ਼ਮਸ਼ੀਰ ਬਹਾਦਰ, ਸੰਤ ਸਿਪਾਹੀ ਅਤੇ ਫੌਜਾਂ ਵਾਲੇ ਆਖਿਆ ਜਾਂਦਾ ਹੈ। ਆਪ ਨੇ ਹਥਿਆਰਾਂ ਨੂੰ ਪੂਜਾ ਵਾਲੀ ਮਹਾਨ ਉਤਮ ਪਦਵੀ ਬਖ਼ਸ਼ੀ। ਆਪ ਨੇ ਸ਼ਸ਼ਤਰਾਂ ਦੀ ਏਥੋਂ ਤੱਕ ਵਡਿਆਈ ਕੀਤੀ –

*ਅਸਿ ਕ੍ਰਿਪਾਨ ਖੰਡੋ ਖੜਗ ਤੁਪਕ ਤਬਰ ਅਰੁ ਤੀਰ॥*
*ਸੈਫ ਸਰੋਹੀ ਸੈਹਥੀ ਯਹੈ ਹਮਾਰੋ ਪੀਰ॥੩॥*
***ਦਸਮ ਗ੍ਰੰਥ, ਸ਼ਸਤ੍ਰਨਾਮ ਮਾਲਾ***

**ਅਨੰਦਪੁਰ ਦਾ ਹੋਲਾ** – ਸਤਿਗੁਰੂ ਹੋਲੇ ਸਮੇਂ ਅਨੰਦਪੁਰ ਸਾਹਿਬ ਦੇ ਮੈਦਾਨਾਂ ਵਿਚ ਆਪਣੇ ਸਿੰਘਾਂ ਨੂੰ ਜਥਿਆਂ ਵਿਚ ਵੰਡ ਦਿੰਦੇ। ਉਹਨਾਂ ਵਿਚ ਦਿਖਲਾਵੇ ਵਜੋਂ ਇਕ ਨਕਲੀ

ਟਾਕਰੇ ਦਾ ਸਾਂਗ ਰਚਦੈ, ਤਾਂ ਜੁ ਖਾਲਸਾ ਫ਼ੌਜ ਰਣ-ਤੱਤੇ ਅੰਦਰ ਹੁੰਦੀ ਅਸਲੀ ਲੜਾਈ ਦੇ ਦਾਅ-ਪੇਚਾਂ, ਚਾਲਾਂ ਤੇ ਹਰਕਤਾਂ ਨੂੰ ਧਿਆਨ ਗੋਚਰੇ ਕਰਕੇ ਅਭਿਆਸ ਕਰੇ। ਇਕ ਜਥੇ ਨੂੰ ਪੀਲੇ ਰੰਗ ਦੀ ਵਰਦੀ ਪਹਿਨਾਈ, ਦੂਜੇ ਨੂੰ ਕੇਸਰੀ ਰੰਗ ਦੀ। ਹੋਲਗੜ੍ਹ ਤੇ ਕਬਜ਼ਾ ਕਰਨ ਲਈ ਲੜਾਈ ਕੀਤੀ ਜਾਂਦੀ। ਪੀਲੀ ਵਰਦੀ ਵਾਲੇ ਆਪਣੇ ਬਚਾਉ ਲਈ ਮੋਰਚੇ ਪੁੱਟਦੇ। ਕਿਲ੍ਹੇ ਦੇ ਆਲੇ ਦੁਆਲੇ ਕਮਜ਼ੋਰ ਥਾਵਾਂ ਵੇਖ ਕੇ ਹਮਲੇ ਕਰਦੇ। ਅੰਦਰੋਂ ਕੇਸਰੀ ਦਸਤੇ ਕਿਲ੍ਹੇ ਦੇ ਝਰੋਖਿਆਂ ਵਿਚੋਂ ਦੀ ਵਾਰ ਕਰਦੇ। ਅਜਿਹੇ ਨਾਟਕੀ ਹਮਲਿਆਂ ਵਿਚ ਘੋੜਿਆਂ ਦੀ ਵੀ ਵਰਤੋਂ ਕੀਤੀ ਜਾਂਦੀ। ਸਤਿਗੁਰੂ ਆਪ ਵੀ ਇਕ ਪਾਸਿਓਂ ਲੜਦੇ। ਯੁੱਧ ਦੇ ਨਗਾਰੇ ਵੱਜਦੇ, ਹਥਿਆਰਾਂ ਦਾ ਟਕਰਾਉ ਹੁੰਦਾ, ਜੈਕਾਰੇ ਗੂੰਜਦੇ, ਹੱਲਾ-ਸ਼ੇਰੀਆਂ ਕੜਕਦੀਆਂ। ਅੰਤ ਫ਼ਤਹ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਸਤਿਗੁਰਾਂ ਨੇ ਸਿੰਘਾਂ ਅੰਦਰ ਬੀਰ-ਰਸੀ ਜੋਸ਼ ਭਰਨ ਲਈ ਹੀ 'ਚੰਡੀ ਦੀ ਵਾਰ' ਵਿਚ ਦੁਰਗਾ ਤੇ ਦੈਂਤਾਂ ਦੇ ਜੰਗ ਦਾ ਨਜ਼ਾਰਾ ਇਉਂ ਦਿਖਾਇਆ -

*ਚੋਟਾਂ ਪਵਨ ਨਗਾਰੇ ਅਣੀਆਂ ਜੁਟੀਆਂ।*
*ਧੂਹ ਲਈਆਂ ਤਰਵਾਰੀ ਦੇਵਾਂ ਦਾਨਵੀ॥*
*ਵਾਹਨ ਵਾਰੋ ਵਾਰੀ ਸੂਰੇ ਸੰਘਰੇ॥*
*ਵਗੈ ਰੱਤੁ ਝੁਲਾਰੀ ਜਿਉ ਗੇਰੂ ਬਾਬਤਾ (ਝਲਾਰਾਂ, ਕੂਲਾਂ)॥੧੧॥*
*ਲੱਖ ਨਗਾਰੇ ਵੱਜਣ ਆਮ੍ਹੋ ਸਾਮ੍ਹਣੇ॥*
*ਰਾਕਸ ਰਣੋ ਨ ਭੱਜਣ ਰੋਹੇ ਰੋਹਲੇ॥*
*ਸੀਹਾਂ ਵਾਂਗੂ ਗੱਜਣ ਸਭੇ ਸੂਰਮੇ॥*
*ਤਣਿ ਤਣਿ ਕੈਬਰ (ਤੀਰ) ਛੱਡਨ ਦੁਰਗਾ ਸਾਮਣੇ॥੧੨॥*

ਅਜਿਹੀ ਸਵਾਂਗੀ ਲੜਾਈ ਉਪਰੰਤ ਕਲਗੀਧਰ ਜੀ ਸੂਰਮਿਆਂ ਨੂੰ ਘੋੜੇ, ਬਸਤਰ, ਕੈਂਠੇ, ਕੜੇ, ਵੰਡਦੇ ਅਤੇ ਵਰ ਦਿੰਦੇ -

*ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ,*
*ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥*
*ਅਘ ਅਉਘ ਟਰੇ ਇਨ ਹੀ ਪ੍ਰਸਾਦਿ,*
*ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥*
*ਇਨ ਹੀ ਕੇ ਪ੍ਰਸਾਦਿ ਸੁਬਿਦਿਆ ਲਈ,*
*ਇਨ ਹੀ ਕੀ ਕ੍ਰਿਪਾ ਸਭ ਸਤ੍ਰ ਮਰੇ॥*
*ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ,*
*ਨਹੀਂ ਮੋ ਸੇ ਗਰੀਬ ਕਰੋਰ ਪਰੇ॥੨॥*
***(ਦਸਮ ਗ੍ਰੰਥ, ਗਿਆਨ ਪ੍ਰਬੋਧ)***

ਅੰਤ ਵਿਚ ਸੋ ਕਲਗੀਧਰ ਜੀ ਨੇ ਮਨੁੱਖਤਾ ਨੂੰ ਜਨਮ-ਜਨਮਾਂਤਰਾਂ ਦੀ ਪਸ਼ੂ-ਬਿਰਤੀ ਤੇ ਪਸ਼ੂ-ਬਲ ਤੋਂ ਮੁਕਤ ਕਰਵਾਇਆ ਅਤੇ ਹੋਲੀ ਨੂੰ 'ਹੋਲੇ ਦਾ ਰੂਪ ਦੇ ਕੇ ਲੋਕਾਈ ਨੂੰ ਮਰਦਾਨਗੀ' ਤੇ ਸ਼ੁੱਧਤਾ ਦੇ ਮੰਡਲਾਂ ਵਿਚ ਵਸਾਇਆ ਤੇ ਵਰੋਸਾਇਆ। ਉਸ ਸਮੇਂ ਤੋਂ ਲੈ ਕੇ ਹੁਣ ਤੱਕ ਸਿੰਘ ਆਮ ਕਰਕੇ, ਤੇ ਨਿਹੰਗ ਖ਼ਾਸ ਕਰਕੇ ਹੋਲਾ ਮਹੱਲਾ ਮਨਾਉਂਦੇ ਚਲੇ ਆ ਰਹੇ ਹਨ। ਹੋਲਗੜ੍ਹ ਦੇ ਮੈਦਾਨ ਵਿਚ ਤੰਬੂਆਂ, ਗੱਡਿਆਂ, ਟਰਾਲੀਆਂ, ਬੱਸਾਂ, ਟਰੱਕਾਂ ਦਾ ਸ਼ਹਿਰ ਵਸ ਜਾਂਦਾ ਹੈ। ਸਤਿਗੁਰਾਂ ਵਾਲੇ ਸਮੇਂ ਦੀਆਂ ਲੜਾਈਆਂ ਮੁਕਾਬਲਿਆਂ ਤੇ ਸ਼ਸਤਰ ਪ੍ਰਦਰਸ਼ਨੀਆਂ ਤੋਂ ਬਿਨਾਂ ਅੱਜ ਕੌਡੀਆਂ, ਛਾਲਾਂ, ਦੌੜਾਂ ਤੇ ਹੋਰ ਖੇਡਾਂ ਦੇ ਖੇਡਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸਪੱਸ਼ਟ ਹੈ ਕਿ ਸਿੱਖ-ਪੰਥ ਹੋਲੀ ਦੇ ਪੁਰਾਤਨ ਪ੍ਰੰਪਰਾਗਤ ਰੂਪ ਨੂੰ ਸਵੀਕਾਰ ਨਹੀਂ ਕਰਦਾ, ਸਗੋਂ ਹੋਲੀ ਦੇ ਚਾਲੂ ਢੰਗ ਨਾਲ ਮਨਾਉਣ ਨੂੰ ਛੱਡ ਕੇ ਹੋਲਾ ਮਹੱਲਾ ਨੂੰ ਸੂਰਮਗਤੀ, ਜਵਾਂ-ਮਰਦੀ ਅਤੇ ਸੰਤ-ਸਿਪਾਹੀ ਬਣਨ ਦਾ ਪ੍ਰਤੀਕ ਸਮਝਦਾ ਹੈ। ਹੋਲੀ ਨੂੰ ਸੰਤ-ਸੇਵਾ ਦੀ ਰੂਪ-ਰੇਖਾ ਪਰਵਾਨ ਕਰਦਾ ਹੈ। ਝੂਠ ਦੀ ਹਾਰ ਤੇ ਸੱਤ ਦੀ ਜਿੱਤ ਗਿਣਦਾ ਹੈ। ਹੋਲੀ ਸਮੇਂ ਅੰਦਰੋਂ ਹਲਕਾਂ ਵਾਲਾ ਕੂੜ ਕੁਸੱਤ ਤੇ ਦੰਭ ਕੱਢ ਕੇ, ਸਿਫਤ-ਸਲਾਹ, ਸੇਵਾ-ਸਿਮਰਨ, ਸਬਰ-ਸਿਦਕ, ਸਿੱਖਿਆ, ਸੱਤਿਆ, ਸੰਗਤ, ਸੰਗੀਤ, ਸ਼ਾਂਤੀ-ਸ਼ੁਕਰ ਸ਼ਕਤੀ-ਭਗਤੀ ਵੱਲ ਪ੍ਰੇਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਜਿਥੇ ਹੋਲਾ ਮਹੱਲਾ ਬੀਰ-ਰਸੀ ਕਰਤਵਾਂ ਦੁਆਰਾ ਜੰਗਾਂ-ਜੁਧਾਂ ਦੀਆਂ ਮਸ਼ਕਾਂ ਲਈ ਪ੍ਰੇਰਨਾ ਕੀਤੀ, ਉਥੇ ਹੋਲੇ ਨੂੰ ਨਾਮ-ਰੰਗਾਂ ਵਿਚ ਮਨਾਉਣ ਲਈ ਪੰਚਮ ਪਾਤਸ਼ਾਹ ਦੇ ਹੇਠ ਲਿਖੇ ਫ਼ੁਰਮਾਨ ਅਨੁਸਾਰ ਆਦੇਸ਼ ਦਿਤਾ -

*ਗੁਰ ਸੇਵਉ ਕਰਿ ਨਮਸਕਾਰ॥*
*ਆਜੁ ਹਮਾਰੈ ਮੰਗਲਚਾਰ॥*
*ਆਜੁ ਹਮਾਰੈ ਮਹਾ ਅਨੰਦ॥*
*ਚਿੰਤ ਲਥੀ ਭੇਟੇ ਗੋਬਿੰਦ॥੧॥*
*ਆਜੁ ਹਮਾਰੈ ਗ੍ਰਿਹਿ ਬਸੰਤ॥*
*ਗੁਨ ਗਾਏ ਪ੍ਰਭ ਤੁਮ੍ਹ ਬੇਅੰਤ॥੧॥ਰਹਾਉ॥*
*ਹੋਲੀ ਕੀਨੀ ਸੰਤ ਸੇਵ॥*
*ਰੰਗੁ ਲਾਗਾ ਅਤਿ ਲਾਲ ਦੇਵ॥੨॥* ***ਅੰਗ - ੧੧੮੦●***

'ਹੋਲਾ ਮਹੱਲਾ' ਦਾ ਅਰਥ ਹੈ, 'ਹਮਲਾ' ਅਤੇ ਹਮਲੇ ਦੀ ਥਾਂ, ਜਾਂ ਹੱਲਾ ਅਤੇ ਹੱਲੇ ਦੀ ਥਾਂ। 'ਹੋਲਾ', ਹੋਲੀ ਦਾ ਮਰਦਾਊਪੁਣਾ ਜਾਂ ਪੁਰਖ ਲਿੰਗ ਹੈ। ਇਸ ਅਸਥਾਨ ਨੂੰ 'ਹੋਲਗੜ੍ਹ' ਆਖਿਆ ਜਾਂਦਾ ਸੀ। ਅੱਜ ਵੀ ਹੋਲਗੜ੍ਹ ਚੜ੍ਹ ਕੇ, ਚਰਨ ਗੰਗਾ ਪਾਰ ਕਰ ਕੇ, ਫਤਹਗੜ੍ਹ ਤੱਕ ਪੁੱਜਣ ਦੀ ਪ੍ਰਥਾ ਨੂੰ ਹੋਲੇ ਮਹੱਲੇ ਦੇ ਪੁਰਬ ਸਮੇਂ ਨਿਭਾਇਆ ਜਾਂਦਾ

***(ਬਾਕੀ ਪੰਨਾ 20 'ਤੇ)***

# ਹੋਲਾ ਮਹੱਲਾ - ਸਭ ਸ਼ਕਤੀਆਂ ਦਾ ਪ੍ਰਤੀਕ

*[ਪ੍ਰਿੰ. ਸਤਿਬੀਰ ਸਿੰਘ ਜੀ]*

ਗੁਰੂ ਗੋਬਿੰਦ ਸਿੰਘ ਜੀ ਨਿਰੇ ਆਤਮਿਕ ਸ਼ਕਤੀ ਦੇ ਪੁੰਜ ਨਹੀਂ ਸਨ ਸਗੋਂ ਐਟਾਮਿਕ ਸ਼ਕਤੀ ਦੇ ਵੀ ਭੰਡਾਰ ਸਨ। ਜਿਵੇਂ ਵਿਗਿਆਨੀਆਂ ਨੇ ਅਣਡਿਠ ਐਟਮ ਨੂੰ ਤੋੜ ਕੇ ਇੱਕ ਅਥਾਹ ਬਲ ਹਾਸਿਲ ਕਰ ਲਿਆ ਹੈ ਤੇ ਉਸ ਹਾਸਿਲ ਕੀਤੇ ਬਲ ਤੋਂ ਸੰਸਾਰ ਥਰ-ਥਰ ਕੰਬ ਰਿਹਾ ਹੈ, ਕੁਝ ਇਸੇ ਤਰ੍ਹਾਂ ਮਨੋ ਵਿਗਿਆਨੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਦੀ ਰਹਿੰਦ-ਖੂੰਹਦ ਵਿੱਚ ਆਤਮਿਕ ਵਿਸ਼ਵਾਸ ਭਰ ਕੇ, ਉਸ ਨੂੰ ਪਰੰਪਰਾ ਨਾਲੋਂ ਤੋੜ ਕੇ, ਸੁਤੰਤਰ ਕਰਕੇ ਉਸ ਅਮਿਟ ਸ਼ਕਤੀ ਨੂੰ ਜਨਮ ਦੇ ਦਿੱਤਾ। *ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸੁ। ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ॥* ਦੇ ਮਹਾਂਵਾਕ ਅਨੁਸਾਰ ਕੈਦ ਕੀਤੀ ਜਨਤਾ ਖੁਲ੍ਹੇ ਆਕਾਸ਼ਾ ਵਿੱਚ ਤਾਰੀਆਂ ਲਾਉਣ ਲੱਗੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਤਰ੍ਹਾਂ ਇਹ ਮਾਨਵ ਬਲ ਹਾਸਿਲ ਕੀਤਾ ਤੇ ਜਿਵੇਂ ਮੁਰਦਾ ਹੋ ਚੁੱਕੇ ਦਿਲਾਂ ਵਿੱਚ ਜਾਨ ਪਾ ਕੇ ਸੁਰਜੀਤ ਕੀਤਾ, ਉਹ ਹਿੰਦੁਸਤਾਨ ਦੇ ਇਤਿਹਾਸ ਵਿੱਚ ਪੜ੍ਹੇ ਜਾਣ ਵਾਲੀ ਰੁਮਾਂਟਿਕ ਦਾਸਤਾਨ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਇਸ ਊਣਤਾਈ ਵੱਲ ਸੰਕੇਤ ਕੀਤਾ ਸੀ ਕਿ ਜਨਤਾ ਮੁਰਦਿਆਂ ਵਾਕੁਰ ਹਕੂਮਤ ਦੀ ਵਫ਼ਾਦਾਰੀ ਕਰ ਰਹੀ ਹੈ ਤੇ ਬੇਅਣਖ ਹੋ ਕੇ ਗੁਲਾਮਾਂ ਵਾਲੀ ਜ਼ਿੰਦਗੀ ਗੁਜ਼ਾਰ ਰਹੀ ਹੈ। *'ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ।'* ਲੋਕਾਂ ਦੀ ਨਾ ਰਹਿਣੀ ਕਾਇਮ ਰਹੀ ਹੈ ਤੇ ਨਾ ਹੀ ਬਹਿਣੀ। ਗੁਰੂ ਨਾਨਕ ਦੇਵ ਜੀ ਨੇ ਰਹਿਣੀ ਸੁਤੰਤਰ ਕੀਤੀ ਤੇ ਬਹਿਣੀ ਸੁਥਰੀ। ਉਨ੍ਹਾਂ ਦੇ ਨਵੇਂ ਵਿਚਾਰਾਂ ਦਾ ਸਦਕਾ ਐਸੀ ਸੰਗਤ ਬਣੀ ਜਿੱਥੇ ਕਿ ਮਰਦ ਘਾਲਾਂ ਘਾਲਦੇ ਸਨ। ਭਾਈ ਲਹਿਣਾ ਜੀ ਨੇ ਇੱਕ ਐਸੀ ਘਾਲ ਘਾਲੀ ਕਿ ਉਹ ਖਸਮ ਨੂੰ ਕਬੂਲ ਹੋਏ ਤੇ ਗੁਰੂ ਦਾ ਅੰਗ ਬਣ ਗਏ। 'ਪਏ ਕਬੂਲੁ ਖਸੰਮ ਨਾਲਿ ਜਾਂ ਘਾਲਿ ਮਰਦੀ ਘਾਲੀ', ਉਸੇ ਖਿਆਲ ਦੀ ਵਿਆਖਿਆ ਹੈ। ਫਿਰ ਦੀਪ ਨਾਲ ਦੀਪ ਜਗ ਤੇ ਸਿੱਖੀ ਲਹਿਰ ਇੱਕ ਤਕੜੀ ਜਥੇਬੰਦੀ ਹੋ ਨਿਬੜੀ। ਨਿਸ਼ਚੇ ਅਤੇ ਯਕੀਨ ਦੀ ਆਜ਼ਾਦੀ ਲਈ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦੇ ਕੇ ਕੌਮ ਵਿੱਚ ਇਹ ਵਿਚਾਰ ਦ੍ਰਿੜ੍ਹ ਕਰਾ ਦਿੱਤਾ ਕਿ ਸਰੀਰ ਤੋਂ ਉਤਾਂਹ ਦੇਖਣਾ ਹੀ ਸਿੱਖੀ ਹੈ। ਇਸੇ ਸੰਬੰਧ ਵਿੱਚ ਗੁਰੂ ਹਰਿਗੋਬਿੰਦ ਜੀ ਨੇ ਤਖ਼ਤ ਉਤੇ ਬੈਠਦੇ ਪਹਿਲਾ ਬਚਨ ਹੀ ਇਹ ਕੀਤਾ, ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜਵਾਨੀ ਹੈ। ਮੇਰੀ ਖੁਸ਼ੀ ਲੈਣੀ ਹੈ ਤਾਂ ਕਸਰਤਾਂ ਕਰੋ, ਕਮਜ਼ੋਰੀ ਇੱਕ ਕੌਮੀ ਗੁਨਾਹ ਹੈ ਜੋ ਕਿਸੇ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਤੁਸੀਂ ਤਲਵਾਰ ਇਸ ਲਈ ਫੜਨੀ ਹੈ ਅਤੇ ਮੈਂ ਵੀ ਤਾਂ ਪਹਿਨੀ ਹੈ ਕਿ ਜ਼ਾਲਮ, ਜ਼ੁਲਮ ਦੀ ਤਲਵਾਰ ਅੱਗੇ ਤੋਂ ਚਲਾਉਣੀ ਬੰਦ ਕਰ ਦੇਣ। ਇਨ੍ਹਾਂ ਬਚਨਾਂ ਦਾ ਸਿੱਟਾ ਇਹ ਨਿਕਲਿਆ ਕਿ ਨਿਸ਼ਚਾ ਤੇ ਯਕੀਨ ਪਰਪੱਕ ਹੋ ਗਿਆ। ਸਭ ਨੂੰ ਪਤਾ ਲੱਗਾ ਕਿ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅੰਞਾਈ ਨਹੀਂ ਜਾਣ ਲੱਗੀ। ਜੁਆਨੀਆਂ ਭੇਟ ਹੋਣ ਲੱਗ ਪਈਆਂ। ਪੰਜਾਬ ਦੇ ਕੇਂਦਰੀ ਅਸਥਾਨ, ਮਾਝੇ ਵਿੱਚ ਤਾਂ ਇਹ ਰਿਵਾਜ ਹੀ ਪੈ ਗਿਆ ਕਿ ਹਰ ਘਰ ਆਪਣੀ ਪਹਿਲੀ ਸੰਤਾਨ ਗੁਰੂ ਹਰਿਗੋਬਿੰਦ ਜੀ ਦੇ ਨਮਿੱਤ ਕੱਢਣ ਲੱਗ ਪਿਆ। ਨਾਲ ਹੀ ਉਸ ਨਮਿੱਤ ਕੱਢੇ ਬੱਚੇ ਲਈ ਵੱਖ ਗੋਲਕ ਲਗਾ ਦਿੱਤੀ ਜਾਂਦੀ ਅਤੇ ਆਪਣੀ ਕਮਾਈ ਵਿੱਚੋ ਬੱਚੇ ਦਾ ਹਿੱਸਾ ਉਸੇ ਗੋਲਕ ਵਿੱਚ ਪਾਈ ਜਾਂਦੇ। ਜਵਾਨ ਹੋਣ ਉਤੇ ਉਸ ਲੜਕੇ ਨੂੰ ਗੁਰੂ ਪਾਸ ਧਰਮ ਹਿੱਤ ਭੇਟ ਕਰ ਦਿੰਦੇ ਤੇ ਨਾਲ ਹੀ ਸਾਲਾਂ ਵਿੱਚ ਇੱਕਠੀ ਕੀਤੀ ਗੋਲਕ ਵੀ ਖ਼ਰਚ ਪੱਠੇ ਲਈ ਦੇ ਜਾਂਦੇ। ਉਹ ਨੌਜਵਾਨ ਵੀ ਸਿਰਫ਼ ਗੁਰੂ ਕੋਲੋਂ ਛੇ ਮਹੀਨੇ ਬਾਅਦ ਇੱਕ ਕਮੀਜ਼ ਤੇ ਦੋ ਡੰਗਾਂ ਦਾ ਪਰਸ਼ਾਦਾ ਹੀ ਮੰਗਦਾ ਅਤੇ ਜੁਆਨੀ ਭੇਟ ਬਦਲੇ ਆਤਮਿਕ ਉਪਦੇਸ਼ ਦੀ ਯਾਚਨਾ ਕਰਦਾ। ਸਾਲਾਂ ਵਿੱਚ ਹੀ ਗੁਰੂ ਵੱਲ ਵਹੀਰਾ ਹੀ ਚੱਲ ਪਈਆਂ।

ਮੈਕਾਲਫ ਦੇ ਕਹਿਣ ਅਨੁਸਾਰ ਵਹੀਰਾਂ ਨੂੰ ਸਾਂਭਣਾ ਵੀ ਮੁਸ਼ਕਿਲ ਹੋ ਗਿਆ। ਇਤਿਹਾਸਕਾਰ ਅਜੇ ਤੱਕ ਸਮਝ ਨਹੀਂ ਸਕੇ ਕਿ ਇਤਨੇ ਵੱਡੇ ਮੁਗਲ ਸਾਮਰਾਜ ਦੇ ਵਿਰੁੱਧ ਗੁਰੂ ਹਰਿ ਗੋਬਿੰਦ ਜੀ ਕਾਮਯਾਬ ਕਿਵੇਂ ਹੁੰਦੇ ਰਹੇ? ਉਹ ਸਭ ਭੁੱਲ ਜਾਂਦੇ ਹਨ ਕਿ ਗੁਰੂ ਜੀ ਪਾਸ ਜ਼ਰਖਰੀਦ ਨਹੀਂ ਸਨ ਸਗੋਂ ਗੁਰੂ ਦੀ ਬਚਨੀ ਤੇ ਮਿਟਣ ਵਾਲੇ ਮੁਰੀਦ ਸਨ। ਸੱਚੀ ਗੱਲ ਤਾਂ ਇਹ ਹੈ ਕਿ ਜੀਅ ਦਾਨ ਦੇਣ ਵਾਲਿਆਂ ਦੀ ਜੱਥੇਬੰਦੀ ਬਣ ਗਈ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿੱਚ ਨਵਾਂ ਉਤਸ਼ਾਹ ਭਰ ਦਿੱਤਾ। ਨੌਵੇਂ ਪਾਤਸ਼ਾਹ ਦੀ ਸ਼ਹਾਦਤ ਨਿਰੋਲ ਪਰਉਪਕਾਰ ਲਈ ਸੀ, ਸੋ ਸਿੱਖ ਭੀ ਪਰਉਪਕਾਰ ਦੀ ਮੂਰਤ ਕਰਕੇ ਸਤਿਕਾਰੇ ਜਾਣ ਲੱਗ ਪਏ। ਰਣਜੀਤ ਨਗਾਰੇ ਵੱਜਣ ਲੱਗੇ ਤੇ ਘੋੜਿਆਂ ਦੀ ਸਵਾਰੀ ਨਿਤ ਕਰਮ ਬਣ ਗਿਆ। ਜਵਾਨੀਆਂ ਉਸੇ ਤਰ੍ਹਾਂ ਭੇਟ ਹੁੰਦੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਰਿਵਾਜ ਨੂੰ ਹੋਰ ਉਤਸ਼ਾਹ ਬਖ਼ਸ਼ਣ ਲਈ ਇੱਕ ਦਿਨ ਨਿਯਤ ਕਰ ਦਿੱਤਾ। ਉਸ ਦਿਨ ਹੋਲਗੜ੍ਹ ਮੇਲਾ ਲੱਗ ਜਾਂਦਾ। ਪਹਿਲਾ ਤਾਰੀਖੀ ਮੇਲਾ ਦਸਮ-ਪਿਤਾ ਨੇ ਸੰਨ੍ਹ ੧੬੮੦ ਨੂੰ ਕੀਤਾ ਤੇ ਇਸ ਨੂੰ ਮਨਾਉਣ ਦੀ ਪਰਪਾਟੀ ਪੈ ਗਈ। ਹੋਲਾ ਮਹੱਲਾ ਉਤਸ਼ਾਹ ਦਾ ਦਿਹਾੜਾ ਬਣ ਗਿਆ ਤੇ ਸ਼ਕਤੀਆਂ ਦਾ ਪ੍ਰਤੀਕ ਹੋਲਾ ਮਹੱਲਾ ਦੇ ਅਰਥ ਹਨ, ਹਮਲਾ ਅਤੇ ਜਾਇ ਹਮਲਾ ਜਾਂ ਹੱਲਾਂ ਦੀ ਥਾਂ। ਮਹਾਨ ਕੋਸ਼ ਦਾ ਲਿਖਾਰੀ ਲਿਖਦਾ ਹੈ, 'ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ਸਤਰ ਵਿਦਿਆ ਵਿਚ ਨਿਪੁੰਨ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੱਖਾਂ ਦੇ ਹੇਠ ਇੱਕ ਖ਼ਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ ਕਰਤਬ (ਮੈਨੂਵਰ) ਦੇਖਦੇ ਅਤੇ ਦੋਵਾਂ ਦਲਾਂ ਨੂੰ ਸ਼ੁੱਭ ਸਿੱਖਿਆ ਦੇਂਦੇ ਸਨ ਅਤੇ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖ਼ਸ਼ਦੇ ਸਨ। ਆਤਮਿਕ ਸ਼ਕਤੀ ਨੇ ਚਮਤਕਾਰ ਦਿਖਲਾਣੇ ਆਰੰਭ ਕਰ ਦਿੱਤੇ। ਗੁਲਾਮੀ ਵਿੱਚ ਮਸਤ ਖ਼ਰੂਦ ਮਚਾਉਣ ਵਾਲਿਆਂ ਨੂੰ ਖ਼ੂਨ ਦੇ ਕੇ ਹੋਲੀ ਖੇਡਣ ਦਾ ਚਾਅ ਭਰ ਦਿੱਤਾ। ਜਿੱਥੇ ਸਭ ਕੁਝ ਦਿੱਤਾ ਜਾਏ ਉਥੇ ਹੀ ਅਨੰਦ ਹੈ ਤੇ ਜਿੱਥੇ ਸਭ ਕੁਝ ਨਿੱਜ ਰਖਿਆ ਜਾਏ ਉਥੇ ਹੀ ਅਸ਼ਾਂਤੀ ਹੈ, ਦੁੱਖ ਹੈ, ਬਖੇੜੇ ਹਨ, ਥੁੜਾਂ ਹਨ। ਕਨਿੰਘਮ ਨੇ ਠੀਕ ਲਿਖਿਆ ਹੈ, ਇਹ ਮਹਾਨ ਕੰਮ ਗੁਰੂ ਨਾਨਕ ਦੇਵ ਜੀ ਦਾ ਹੀ ਸੀ ਜਿਨ੍ਹਾਂ ਨੇ ਸੁਧਾਰ ਦੇ ਸੱਚੇ, ਸੁੱਚੇ ਅਸੂਲ ਲੱਭ, ਵਰਤੇ ਅਤੇ ਉਹ ਚੌੜੀਆਂ ਬੁਨਿਆਦਾਂ ਰੱਖੀਆਂ, ਬਣਾਈਆ ਜਿੰਨ੍ਹਾ ਸਦਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਮਵਤਨਾਂ ਦੇ ਦਿਲਾਂ ਵਿੱਚ ਇੱਕ ਨਵੀਂ ਕੌਮੀਅਤ ਦਾ ਭਾਂਬੜ ਮਚਾ ਦਿੱਤਾ ਅਤੇ ਅਮਲੀ ਤੌਰ ਉਤੇ ਇਸ ਮਜ਼ਹਬੀ ਸਿਧਾਂਤ ਨੂੰ ਸਮਾਜੀ ਤੇ ਰਾਜਨੀਤਿਕ ਸ਼ਕਲ ਦਿੱਤੀ ਕਿ ਨਸਲ ਤੇ ਧਰਮ, ਧਾਰਮਿਕ ਆਸ਼ਾਵਾਂ ਤੇ ਸਿਆਸੀ ਰਾਜਨੀਤਿਕ ਸਮਾਜਕ ਹੱਕਾਂ ਦੇ ਸੰਬੰਧ ਵਿੱਚ ਗਰੀਬ ਤੋਂ ਗਰੀਬ ਤੇ ਨੀਵੇਂ ਤੋਂ ਨੀਵਾਂ, ਅਮੀਰ ਤੋਂ ਅਮੀਰ ਤੇ ਉਚੇ ਤੋਂ ਉਚੇ ਦੇ ਬਰਾਬਰ ਹੈ। ਹੋਲੀ ਤਿਉਹਾਰ ਸੀ ਸ਼ੂਦਰ ਦਾ, ਪਰ ਗੁਰੂ ਮਾਲਕ ਨੇ ਜਾਣ ਬੁਝ ਕੇ ਇਸ ਨੂੰ ਚੁਣਿਆ ਤੇ ਜੀਵਨ ਭੇਂਟ ਦਾ ਦਿਨ ਬਣਾ ਦਿੱਤਾ। ਕਸ਼ਤਰੀ ਦੁਸਹਿਰੇ ਵਾਲੇ ਦਿਨ ਹਥਿਆਰਾਂ ਦੇ ਕਰਤੱਵ ਦਿਖਾਉਂਦੇ ਸਨ ਪਰ ਗੁਰੂ ਜੀ ਨੇ ਹਥਿਆਰਾਂ ਦੀ ਵਰਤੋਂ ਕਿਸੇ ਸ਼੍ਰੇਣੀ ਲਈ ਰਾਖਵੀਂ ਨਾ ਦੱਸ ਕੇ ਹੋਲਾ ਮਹੱਲਾ ਨੂੰ ਕਰਤੱਵ ਦਾ ਦਿਨ ਨਿਯਤ ਕਰ ਦਿੱਤਾ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਗੋਬਿੰਦ ਸਿੰਘ ਜੀ ਇੱਕ ਜ਼ਬਰਦਸਤ ਸ਼ਹਿਨਸ਼ਾਹੀ ਦੇ ਚੌਗਿਰਦੇ ਅੰਦਰ ਘਿਰੇ ਹੋਏ ਸਨ। ਉਨ੍ਹਾਂ ਆਪਣਾ ਮਿਸ਼ਨ ਇਹ ਬਣਾਇਆ ਕਿ ਮੈਂ ਇਸ ਅਨਿਆਇ ਰਾਜ ਨੂੰ ਉਥਲ ਪੁਥਲ ਕਰਕੇ ਹੀ ਰਹਾਂਗਾ। ਆਮ ਲੋਕਾਂ, ਮਰਦਾਂ, ਤੀਵੀਆਂ ਦੀ ਸਮਾਜੀ, ਇਖ਼ਲਾਕੀ ਗਿਰਾਵਟ ਤੇ ਮਜ਼ਹਬੀ ਵੱਢੀ ਖੋਰੀ ਦੇ ਬਾਵਜੂਦ ਕੁਝ ਐਸੇ ਬੰਦੇ ਚੁਣ ਕੇ ਢਾਲ ਲਵਾਂਗਾ ਜਿੰਨ੍ਹਾਂ ਵਿੱਚ ਆਦਰਸ਼ ਹੋਵੇ, ਜਿੰਨ੍ਹਾਂ ਦੇ ਸਿੱਧੇ ਸਾਦੇ ਜੀਵਨ ਢੰਗ ਹੋਣ। ਇਸ ਗੁਰੂ ਨਿਸ਼ਚੇ ਦਾ ਅਸਰ, ਜਾਦੂ ਭਰਿਆ ਹੋਇਆ। ਜਨਰਲ ਸਰ ਉਮਰ ਕਰਹੀ ਨੇ ਇੰਡੀਅਨ ਸਟਡੀਜ਼ ਵਿੱਚ ਠੀਕ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵਿੱਚ ਵਿਧਾਨ ਘੜਣ (ਲੇਜਿਸਲੇਟਰ) ਇੱਕ ਸਿਪਾਹੀ ਅਤੇ ਵਾਹਿਗੁਰੂ ਨੇ ਅਨਿੰਨੇ ਭਗਤੀ ਵਾਲੇ ਸਭ ਗੁਣ ਸਨ। ਉਨ੍ਹਾਂ ਸਿੰਘਾਂ ਵਿੱਚ ਆਪਾ ਵਾਰਨ ਦਾ ਜ਼ਜਬਾ, ਫ਼ਰਜ਼ ਅਦਾ ਕਰਨ ਦਾ ਡਾਹਢਾ ਫੌਰੀ ਅਹਿਸਾਸ ਜਗਾਇਆ। ਇਹ ਦੋਵੇਂ ਫ਼ਰਜ਼ ਤੇ ਜਜ਼ਬਾ ਸਦਾ ਤੋਂ ਸਾਰੇ ਮਜ਼ਹਬ ਤੇ ਫਤਹਿ ਦੀ ਬੁਨਿਆਦ ਰਹੇ ਹਨ। ਮਹਾਰਾਜ ਨੇ ਲੁਕੀਆਂ ਕਲਾਂ ਜਗਾਈਆਂ। ਮੂੰਹ ਠੀਕ ਲੀਹ ਵੱਲ ਮੋੜ ਦਿੱਤਾ ਸਿੱਖਾਂ ਨੂੰ ਇੱਕ ਧਾਰਮਿਕ ਸਾਂਝੀਵਾਲਤਾ ਵਿੱਚ ਗੁੰਦ ਦਿੱਤਾ। ਗੁਰੂ ਜੀ ਨੇ ਹੋਲਾ ਮਹੱਲਾ ਚਾੜ੍ਹ ਕੇ ਦੱਸਿਆ ਕਿ ਜ਼ਾਲਮਾਂ ਦੀ ਬੇਰਹਿਮੀ ਦਾ ਟਾਕਰਾ ਹੋ ਸਕਦਾ ਹੈ। ਗੁਰੂ ਜੀ ਨੇ ਸਫ਼ਲਤਾ ਨਾਲ ਦਿਖਾ ਦਿੱਤਾ ਕਿ ਇਸ ਤਰ੍ਹਾਂ (ਹੋਲੇ ਮਹੱਲੇ ਵਾਂਗ) ਖ਼ੁਦਗਰਜ਼ੀਆਨਾ ਤੇ ਸੁਆਰਥੀ ਜੰਗ ਛੱਡ ਕੇ ਇੱਕ ਮੁੱਠ ਹੋ ਕੇ ਕੌਮ ਦੀ ਬੇਹਤਰੀ ਤੇ ਖ਼ੁਸ਼ਹਾਲੀ ਵਾਸਤੇ ਲੜਨਾ ਹੁੰਦਾ ਹੈ। ਇਹ ਕੰਮ ਕੋਈ ਪਰਮ ਮਨੁੱਖ ਹੀ ਕਰ ਸਕਦਾ ਸੀ ਤੇ ਉਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਡਾਕਟਰ ਹਰੀ ਰਾਮ ਗੁਪਤਾ ਨੇ ਆਪਣੇ

ਰਚਨਾ 'ਸਿੱਖ ਇਤਿਹਾਸ' ਦੇ ਮੁੱਖ ਬੰਦ ਵਿੱਚ ਲਿਖਿਆ ਹੈ ਕਿ ਲੋਕੀਂ ਪੁੱਛਦੇ ਹਨ ਕਰਾਮਾਤ ਕੀ ਹੈ, ਤੇ ਕਿਵੇਂ ਹੁੰਦੀ ਹੈ? ਮੇਰਾ ਉੱਤਰ ਹੈ ਸਿੱਖ ਇਤਿਹਾਸ ਨੂੰ ਪੜ੍ਹਨਾ ਆਰੰਭ ਕਰ ਦਿਉ। ਫਿਰ ਪੁਸਤਕ ਦੇ ਅੰਤਲੇ ਪੈਰ੍ਹੇ ਵਿੱਚ ਹਰੀ ਰਾਮ ਗੁਪਤਾ ਲਿਖਦੇ ਹਨ, 'ਪਿਆਰੇ ਪਾਠਕ ਅਜੇ ਵੀ ਲੋੜ ਕੋਈ ਦੱਸਣ ਦੀ ਰਹਿ ਗਈ ਹੈ ਕਿ ਕਰਾਮਾਤ ਕੀ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ। ਕਰਾਮਾਤ ਹੈ, ਨਿਰਜਿੰਦ ਲੋਕਾਂ ਨੂੰ ਜਾਨ ਵਾਲਾ ਬਣਾ ਦੇਣਾ। ਮਨੁੱਖ ਸ਼੍ਰੇਣੀ ਤੋਂ ਧਿਰਕਾਰਿਆਂ ਨੂੰ ਮਨੁੱਖ ਵਾਲਾ ਅਤੇ ਫਿਰ ਮਨੁੱਖ ਨੂੰ ਦੇਵਤਾ ਅਤੇ ਦੇਵਤਿਆਂ ਦੇ ਹੱਥ ਤਲਵਾਰ ਦੇ ਕੇ ਧਰਮ ਦਾ ਜੈਕਾਰਾ ਬੁਲਾਉਣਾ ਤੇ ਸਤਿ ਸਿਰੇ ਤੱਕ ਪਹੁੰਚਾਉਣਾ ਅਤੇ ਹਲੀਮੀ ਰਾਜ ਕਾਇਮ ਕਰਕੇ ਆਪ ਸੇਵਾਦਾਰ ਬਣ ਜਾਣਾ। ਭੂਰਿਆਂ ਵਾਲੇ ਰਾਜੇ ਕੀਤੇ ਤੇ ਮੁਗ਼ਲਾਂ ਜ਼ਹਿਰ ਪਿਆਲੇ ਪੀਤੇ ਹੀ ਕਰਾਮਾਤ ਹੈ। ਗਾਂਧੀ ਨੂੰ ਵੀ ਆਖਰ ਮੰਨਣਾ ਪਿਆ ਕਿ ਗੁਰੂ ਤੇਗ ਬਹਾਦਰ ਜੀ ਵਰਗਾ ਪਿਆਰ ਲੈ ਕੇ ਜਨਮੇ ਸਿੱਖਾਂ ਨੂੰ ਹੱਕ ਹੈ ਕਿ ਉਹ ਤਲਵਾਰ ਫੜਨ, ਅਜਿਹੇ ਪਿਆਰ ਤੋਂ ਬਿਨਾਂ ਆਪਣੇ ਬੁਰੇ ਤੋਂ ਬੁਰੇ ਵੈਰੀ ਵਿਰੁੱਧ ਵੀ ਤਲਵਾਰ ਚੁੱਕਣਾ ਇਖ਼ਲਾਕੀ ਜੁਰਮ ਹੈ। ਕੀ ਇਹ ਕਰਾਮਾਤ ਨਹੀਂ ਕਿ ਭੰਗਾਣੀ ਦੇ ਯੁੱਧ ਵਿਚ ਭਾਈ ਲਾਲ ਚੰਦ ਹਲਵਾਈ ਨੂੰ ਜੰਗ ਵਿੱਚ ਹੁੰਦੇ ਹੋਏ ਫੌਜੀਆਂ ਦੇ ਟਾਕਰੇ ਉਤੇ ਟਕਰਾ ਕਾਮਯਾਬੀ ਲੈ ਦੇਣਾ। ਹਲਵਾਈ ਦਾ ਖ਼ਿਆਲ ਆਂਦਿਆਂ ਹੀ ਇੱਕ ਢਿੱਲੜ, ਪੇਟੂ, ਬੇਡੋਲ ਤੇ ਨਿਰਜਿੰਦ ਪੁਰਸ਼ ਦਾ ਚਿੱਤਰ ਸਾਹਮਣੇ ਆ ਜਾਂਦਾ ਹੈ। ਪਰ ਇਤਿਹਾਸ ਕਹਿੰਦਾ ਹੈ ਕਿ ਪਾਉਂਟਾ ਸਾਹਿਬ ਦੇ ਹਲਵਾਈ ਲਾਲ ਚੰਦ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਮੀਰ ਖ਼ਾਂ ਨੂੰ ਅੱਗੇ ਵੱਧਦਾ ਦੇਖ ਕੇ ਧਾਵਾ ਬੋਲ ਦਿੱਤਾ। ਘੋੜਾ ਵੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਦਿੱਤਾ ਸੀ। ਘੋੜੇ ਨੂੰ ਅੱਡੀ ਲਾ ਕੇ ਲਾਲ ਚੰਦ ਮੀਰ ਖ਼ਾਂ ਉਤੇ ਜਾ ਪਿਆ। ਦੂਰੋਂ ਹੀ ਜਰਨੈਲ ਨਜਾਬਤ ਖ਼ਾਂ ਨੇ ਆਵਾਜ਼ ਦਿੱਤੀ, 'ਮੀਰ ਖ਼ਾਂ ਤਕੜਾ ਹੋ, ਇਸ (ਹਲਵਾਈ) ਉਤੇ ਵਾਰ ਕਰ, ਮਾਰ ਦੇਹ ਤੇ ਘੋੜਾ ਖੋਹ ਲੈ। ਮੀਰ ਖ਼ਾਂ ਘੋੜੇ ਦੀ ਸੇਧ ਬੰਨ੍ਹ ਕੇ ਆਪਣੇ ਘੋੜੇ ਨੂੰ ਭਜਾ ਕੇ ਹਲਵਾਈ ਦੇ ਨਾਲੋਂ ਖਹਿ ਕੇ ਲੰਘਣ ਲਈ ਦੌੜ ਪਿਆ ਅਤੇ ਨੇੜੇ ਆ ਤਲਵਾਰ ਚਲਾਈ। ਪਰ ਲਾਲ ਚੰਦ ਜੀ ਨੇ ਤਲਵਾਰ ਦਾ ਵਾਰ ਢਾਲ ਉਤੇ ਲੈ ਲਿਆ। ਮੀਰ ਖ਼ਾਂ ਦਾ ਵਾਰ ਖ਼ਾਲੀ ਗਿਆ। ਮੀਰ ਖ਼ਾਂ ਨੇ ਫਿਰ ਜਤਨ ਕੀਤੇ ਵਾਰ ਕਰਨ ਦੇ ਪਰ ਸਭ ਅਸਫਲ ਇਤਨੇ ਨੂੰ ਭਾਈ ਲਾਲ ਚੰਦ ਨੇ ਅਚਾਨਕ ਘੋੜਾ ਵਧਾ ਕੇ ਬਲ ਨਾਲ ਐਸੀ ਤਲਵਾਰ ਵਾਹੀ ਕਿ ਮੀਰ ਖ਼ਾਂ ਦਾ ਸਿਰ ਧਰਤੀ ਤੇ ਜਾ ਪਿਆ ਅਤੇ ਉਸ ਦਾ ਘੋੜਾ ਨੱਠ ਪਿਆ। ਹਲਵਾਈ ਦੇ ਹੱਥੋਂ ਸਮੇਂ ਦੇ ਸੂਰਮੇ ਮੀਰ ਖ਼ਾਂ ਦਾ ਮਰਨਾ ਦੇਖ ਸਾਰੇ ਹੈਰਾਨ ਹੋਏ। ਕਹਿੰਦੇ ਹਨ ਕਿ ਭੀਖਨ ਖ਼ਾਂ, ਨਜਾਬਤ ਖ਼ਾਂ ਤੇ ਰਾਜਾ ਹਰੀ ਚੰਦ ਨੂੰ ਬਹੁਤ ਸ਼ਰਮ ਆਈ। ਇਹ ਹੀ ਹੈ ਸ਼ਕਤੀ ਹੋਲਾ ਮਹੱਲਾ ਦੀ ਜਿਸ ਨੇ ਸਿਰਫ਼ ਨਜਾਬਤ ਖ਼ਾਂ, ਭੀਖਨ ਖ਼ਾਂ, ਹਰੀ ਚੰਦ, ਨਾਦਰ ਸ਼ਾਹ, ਅਬਦਾਲੀ ਲਾਰਡ ਹਾਰਡਿੰਗ ਨੂੰ ਹੀ ਨਹੀਂ ਬਲਕਿ, ਹੁਣ ਤੱਕ ਸਾਰੇ ਸੰਸਾਰ ਨੂੰ ਹੈਰਾਨ ਕੀਤਾ ਹੋਇਆ ਹੈ।

---

***(ਪੰਨਾ 17 ਦੀ ਬਾਕੀ)***

ਹੈ। ਇਸ ਸਮੇਂ ਯੁੱਧਾਂ ਨੂੰ ਮੁੱਖ ਰੱਖ ਕੇ ਸ਼ਸਤਰ ਚਲਾਉਣੇ, ਗੱਤਕਾ ਖੇਡਣਾ ਤੇ ਸ਼ਸਤਰ ਪ੍ਰਦਰਸ਼ਣੀ ਮੁੱਖ ਰੱਖੇ ਜਾਂਦੇ ਹਨ। ਭਾਵ, ਭਾਰਤੀਆਂ ਅੰਦਰ ਦੇਸ਼, ਕੌਮ, ਧਰਮ ਤੇ ਮਜ਼ਲੂਮ ਦੀ ਰੱਖਿਆ ਲਈ ਅਨੰਦਪੁਰ ਸਾਹਿਬ ਤੋਂ 'ਅਮਲੀ ਕਰਨੀ' ਦਾ ਸੁਨੇਹਾ ਤੇ ਜਜ਼ਬਾ ਆਪਣੇ ਨਾਲ ਲੈ ਜਾ ਕੇ ਕੋਨੇ ਕੋਨੇ ਵਿਚ ਪਹੁੰਚਾਣਾ ਤੇ ਪ੍ਰਸਾਰਨਾ ਹੈ। ਇਸ ਪੁਰਬ ਨੂੰ ਹਰ ਸਾਲ ਮਨਾਉਣ ਦਾ ਮਨੋਰਥ ਵੀ ਇਹੋ ਸੀ ਕਿ ਪੰਜਾਬੀਆਂ ਤੇ ਭਾਰਤੀਆਂ ਅੰਦਰ ਤੇ ਵਿਸ਼ੇਸ਼ ਤੌਰ ਨਾਲ ਖਾਲਸੇ ਵਿਚ ਯੁੱਧ-ਵਿਦਿਆ ਦਾ ਸ਼ੌਕ ਪੈਦਾ ਕਰਨਾ ਸੀ। ਗੁਰੂ ਨਾਨਕ ਦੇਵ ਜੀ ਨੇ *'ਪਰ ਅਧੀਨ ਸੁਪਨੇ ਸੁਖ ਨਾਹੀ'* ਦਾ ਸੰਦੇਸ਼ ਭਾਰਤੀਆਂ ਨੂੰ ਦਿੱਤਾ ਸੀ। ਇਸੇ ਆਦਰਸ਼ ਨੇ ਲੋਹ-ਪੁਰਸ਼ ਪੈਦਾ ਕੀਤੇ। ਹਰ ਸਾਲ ਗੁਰੂ ਖਾਲਸਾ ਹੋਲਾ ਮਹੱਲਾ ਮਨਾ ਕੇ ਆਪਣੀ ਸੂਰਮਗਤੀ, ਪਰੰਪਰਾ ਤੇ ਗੌਰਵ ਸਹਿਤ ਅਮਲ ਕਰਨ ਦਾ ਪ੍ਰਣ ਕਰਦਾ ਹੈ। ਇਹ ਜਜ਼ਬਾ ਹੈ ਜਿਸਦੇ ਫਲਸਰੂਪ ਅਜ ਵੀ ਸਿੰਘ ਸੂਰਮੇ ਹੱਸ-ਹੱਸ ਫਾਂਸੀ ਦੇ ਰੱਸਿਆਂ ਨੂੰ ਚੁੰਮਦੇ ਹਨ। ਜਿੰਨੇ ਸੁੰਦਰ ਬਹਾਦਰ, ਮਰਜੀਵੜੇ ਮਹਾਂਬਲੀ ਇਸ ਨਿੱਕੀ ਜਿਹੀ ਕੌਮ ਨੇ ਥੋੜੇ ਸਮੇਂ ਅੰਦਰ ਸੰਸਾਰ ਨੂੰ ਦਿੱਤੇ, ਕਿਸੇ ਹੋਰ ਦੇਸ਼, ਕੌਮ ਜਾਂ ਧਰਮ ਨੇ ਨਹੀਂ ਦਿੱਤੇ। ਇਹਨਾਂ ਨੇ ਧਰਮ ਹੇਤ ਸੀਸ ਦਿੱਤੇ, ਚਰਖੜੀਆਂ ਤੇ ਚੜੇ, ਖੋਪਰੀਆਂ ਲੁਹਾਈਆਂ, ਬੰਦ ਬੰਦ ਕਟਵਾਏ, ਆਰਿਆਂ ਨਾਲ ਚੀਰੇ ਗਏ, ਉਬਲਦੀਆਂ ਦੇਗਾਂ ਵਿਚ ਉਬਾਲੇ ਗਏ, ਪਰ ਸਰੂ ਕੱਦ ਖਾਲਸਾ, ਸਰੂ ਵਾਂਗ ਸਿਰ-ਕੱਢ ਖੜਾ ਹੈ। ਸੰਸਾਰ ਦੇ ਕੋਨੇ ਕੋਨੇ ਵਿਚ ਆਪਣਾ ਯੋਗਦਾਨ ਪਾ ਰਿਹਾ ਹੈ। ਇਹ ਕੇਵਲ ਸਰਬੰਸ-ਦਾਨੀ ਪੰਥ ਦੇ ਵਾਲੀ, ਹੋਲੇ ਮਹੱਲੇ ਦੇ ਸੰਚਾਲਕ ਦੀਆਂ ਬਖਸ਼ਿਸ਼ਾਂ ਹਨ।

# ਹੋਲੀ ਤੋਂ ਹੋਲਾ ਮਹੱਲਾ

*[ਗਿਆਨੀ ਦੀਦਾਰ ਸਿੰਘ ਜੀ]*

ਕਈ ਹੋਰ ਮੌਸਮੀ ਤਿਉਹਾਰਾਂ ਦੀ ਤਰ੍ਹਾਂ ਹੋਲੀ ਵੀ ਇਕ ਮੌਸਮੀ ਤਿਉਹਾਰ ਹੈ, ਪਰ ਬਾਅਦ ਵਿਚ ਇਸ ਨਾਲ ਪ੍ਰਹਿਲਾਦ ਭਗਤ ਦੀ ਭੂਆ 'ਢੂੰਡਾਂ' ਦੀ ਕਹਾਣੀ ਵੀ ਜੋੜੀ ਗਈ। ਕਹਾਣੀ ਇਸ ਤਰ੍ਹਾਂ ਹੈ -

ਹਰਨਾਕਸ਼ ਨੇ ਤਪ ਕਰ ਕੇ ਇਹ ਵਰ ਲਿਆ ਸੀ ਕਿ ਮੈਂ ਨਾ ਅੰਦਰ ਮਰਾਂ ਨਾ ਬਾਹਰ, ਨਾ ਰਾਤ ਨੂੰ ਮਰਾਂ ਨਾ ਦਿਨ ਨੂੰ, ਨਾ ਕਿਸੇ ਪਸ਼ੂ ਕੋਲੋਂ ਮੇਰੀ ਮੌਤ ਹੋਵੇ ਨਾ ਕਿਸੇ ਮਨੁਖ ਤੋਂ ... ਆਦਿ।

ਇਹੋ ਜਿਹਾ ਵਰ ਪ੍ਰਾਪਤ ਕਰਨ ਮਗਰੋਂ ਰਾਜੇ ਹਰਨਾਕਸ਼ ਨੂੰ ਹੰਕਾਰ ਹੋ ਗਿਆ। ਮਰਨ ਦਾ ਡਰ ਉਸਨੂੰ ਨਾ ਰਿਹਾ, ਜਿਸ ਕਰਕੇ ਉਹ ਮਨ-ਆਈਆਂ ਕਰਨ ਲਗ ਪਿਆ। ਉਹ ਲੋਕਾਂ ਨੂੰ ਪ੍ਰਭੂ-ਭਗਤੀ ਤੋਂ ਹਟਾ ਕੇ ਆਪਣਾ ਨਾਮ ਜਪਾਉਣ ਲਗ ਪਿਆ।

ਰੱਬ ਦੀ ਕਰਨੀ ਵੇਖੋ। ਹਰਨਾਕਸ਼ ਦੇ ਘਰ ਪ੍ਰਹਿਲਾਦ ਭਗਤ ਪੈਦਾ ਹੋ ਗਿਆ। ਜਦ ਉਹ ਸਕੂਲ ਜਾਣ ਲਗਾ ਤਾਂ ਬਾਕੀ ਵਿਦਿਆਰਥੀਆਂ ਦੀ ਤਰ੍ਹਾਂ ਉਸ ਨੂੰ ਵੀ ਹਰਨਾਕਸ਼ ਦੀ ਉਪਾਸ਼ਨਾ ਕਰਨ ਲਈ ਮਜਬੂਰ ਕੀਤਾ ਜਾਣ ਲਗਾ, ਪਰ ਪ੍ਰਹਿਲਾਦ ਨੇ ਇਨਕਾਰ ਕਰ ਦਿਤਾ, ਕਿਉਂਕਿ ਉਸ ਨੂੰ ਸਰਬ-ਵਿਆਪਕ ਪ੍ਰਭੂ ਦੀ ਹੋਂਦ ਦਾ ਪਰਤੱਖ ਝਲਕਾਰਾ ਪੈ ਚੁਕਾ ਸੀ। ਉਸ ਦੇ ਦੋਹਾਂ ਅਧਿਆਪਕਾਂ ਸੋਡਾ ਅਤੇ ਅਮਰਕ ਨੇ ਰਾਜੇ ਅਗੇ ਸ਼ਿਕਾਇਤ ਕੀਤੀ ਕਿ ਪ੍ਰਹਿਲਾਦ ਆਖੇ ਨਹੀਂ ਲਗਦਾ। ਉਹ ਜਿਥੇ ਆਪ ਰਾਮ ਦਾ ਨਾਂ ਜਪਦਾ ਹੈ ਉਥੇ ਹੋਰਨਾਂ ਵਿਦਿਆਰਥੀਆਂ ਨੂੰ ਵੀ ਆਪਣੇ ਮਗਰ ਲਾ ਲੈਂਦਾ ਹੈ। ਇਸੇ ਤਰ੍ਹਾਂ ਦੂਜੇ ਵਿਦਿਆਰਥੀਆਂ ਨੂੰ ਵਿਗਾੜ ਰਿਹਾ ਹੈ। ਜਿਵੇਂ ਲਿਖਿਆ ਵੀ ਹੈ -

***ਰਾਮੁ ਕਹੈ ਕਰ ਤਾਲ ਬਜਾਵੈ, ਚਟੀਆ ਸਭੈ ਬਿਗਾਰੇ॥***

ਰਾਜੇ-ਰਾਣੀ ਤੇ ਹੋਰ ਅਮੀਰ ਵਜ਼ੀਰਾਂ ਨੇ ਬੜੇ ਯਤਨ ਕੀਤੇ, ਪਰ ਪ੍ਰਹਿਲਾਦ ਜੀ ਆਪਣੇ ਇਰਾਦੇ ਦੇ ਪੱਕੇ ਰਹੇ ਤੇ ਕਹਿੰਦੇ ਹਨ -

***ਇਕੁ ਰਾਮੁ ਨ ਛੋਡਉ ਗੁਰਹਿ ਗਾਰਿ॥***
***ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ॥***

ਜਦ ਭਗਤ ਜੀ ਕਿਸੇ ਤਰ੍ਹਾਂ ਵੀ ਨਾ ਮੰਨੇ ਤਾ ਉਨ੍ਹਾਂ ਨੂੰ ਬਹੁਤ ਦੁਖ ਦਿੱਤੇ ਗਏ। ਭਾ: ਗੁਰਦਾਸ ਜੀ ਦੇ ਕਥਨ ਅਨੁਸਾਰ -

***ਜਲ ਅਗਨੀ ਵਿਚ ਘਤਿਆ, ਜਲੇ ਨ ਡੁਬੇ ਗੁਰ ਪ੍ਰਸਾਦਿ॥***

ਭਾਵ - ਭਗਤ ਜੀ ਨੂੰ ਪਾਣੀ ਵਿਚ ਡੋਬਿਆ ਗਿਆ, ਅੱਗ ਵਿਚ ਸਾੜਨ ਦਾ ਯਤਨ ਕੀਤਾ ਗਿਆ। ਪਹਾੜ ਤੋਂ ਡੇਗ ਕੇ ਮਾਰ ਦੇਣ ਦਾ ਯਤਨ ਕੀਤਾ ਗਿਆ। ਪਰ ਜਿਸ ਨੂੰ ਪ੍ਰਭੂ ਆਪ ਰੱਖਣ ਵਾਲਾ ਹੋਵੇ ਉਸ ਨੂੰ ਕੌਣ ਮਾਰ ਸਕਦਾ ਹੈ?

ਰਾਜਾ ਹਰਨਾਕਸ਼ ਦੀ ਭੈਣ ਦਾ ਨਾਂ ਢੂੰਡਾਂ ਸੀ। ਉਸ ਨੇ ਤਪ ਕਰਕੇ ਸ਼ਿਵ ਜੀ ਤੋਂ ਅੱਗ ਵਿਚ ਨਾ ਸੜਨ ਦਾ ਵਰ ਲਿਆ ਹੋਇਆ ਸੀ। ਉਹ ਆਪਣੇ ਭਰਾ ਦੇ ਕਹਿਣ ਉਤੇ ਆਪਣੇ ਭਤੀਜੇ ਪ੍ਰਹਿਲਾਦ ਨੂੰ ਸਾੜਨ ਲਈ ਉਸ ਨੂੰ ਲੈ ਕੇ ਅੱਗ ਵਿਚ ਬੈਠ ਗਈ, ਪਰ ਰੱਬ ਦੀ ਕੁਦਰਤ ਵੇਖੋ। ਪ੍ਰਭੂ ਦੀ ਭਗਤੀ ਕਰਨ ਵਾਲਾ ਪ੍ਰਹਿਲਾਦ ਤਾਂ ਬਚ ਗਿਆ, ਪਰ ਸ਼ਿਵ (ਦੇਵਤੇ) ਦੀ ਭਗਤੀ ਕਰਨ ਵਾਲੀ ਢੂੰਡਾਂ ਸੜ ਗਈ।

ਚਾਹੀਦਾ ਤਾਂ ਇਹ ਸੀ ਕਿ ਇਸ ਹੋਲੀ ਵਾਲੇ ਦਿਨ ਇਕ ਪ੍ਰਭੂ ਦੀ ਭਗਤੀ ਦਾ ਮਹਾਨਤਾ ਦਰਸਾਈ ਜਾਂਦੀ ਜਾਂ ਭਗਤ ਪ੍ਰਹਿਲਾਦ ਦੇ ਸਿਦਕ ਤੇ ਭਰੋਸੇ ਦਾ ਪ੍ਰਚਾਰ ਹੁੰਦਾ, ਪਰ ਹੋ ਗਿਆ ਇਸਦੇ ਉਲਟ। ਲੋਕਾਂ ਨੇ ਪ੍ਰਭੂ ਦੇ ਨਾਮ ਦੇ ਰੰਗ ਤੇ ਉਸਦੀ ਖੁਸ਼ਬੋ ਦੀ ਥਾਂ ਗੰਦ ਘੋਲਣ ਅਤੇ ਗੰਦ ਬਕਣ ਨੂੰ ਹੀ ਹੋਲੀ ਸਮਝ ਲਿਆ।

ਦਰ-ਅਸਲ ਜਦ ਭਾਰਤ ਵਾਸੀਆਂ ਵਿਚ ਗਿਰਾਵਟ

ਆ ਗਈ ਤਾਂ ਇਨ੍ਹਾਂ ਦੇ ਤਿਉਹਾਰ ਵੀ ਵਿਗੜ ਗਏ। ਅਤਰ-ਫੁਲੇਲ ਦੀ ਥਾਂ ਚਿੱਕੜ ਤੇ ਗੰਦ ਨੇ ਲੈ ਲਈ। ਫੁੱਲਾਂ ਦੀ ਵਰਖਾ ਦੀ ਥਾਂ ਮਿੱਟੀ ਤੇ ਗੋਬਰ ਸੁੱਟਿਆ ਜਾਣ ਲੱਗ ਪਿਆ। ਕੇਸਰ ਦੇ ਟਿਕਿਆਂ ਦੀ ਥਾਂ ਇਕ ਦੂਜੇ ਦੇ ਮੂੰਹ ਕਾਲੇ ਹੋਣ ਲਗ ਪਏ। ਜਿੱਥੇ ਅੱਗੇ ਇਨ੍ਹਾਂ ਦਿਨਾਂ ਵਿਚ ਵਿਛੜੇ ਸਜਨ ਮਿਲਦੇ ਹੁੰਦੇ ਸਨ ਅਤੇ ਵਿਛੜੇ ਹੋਇਆ ਦਾ ਮਿਲਾਪ ਕਰਾਇਆ ਜਾਂਦਾ ਸੀ, ਉਥੇ ਇਨ੍ਹਾਂ ਦਿਨਾਂ ਵਿਚ ਇਕ ਦੂਜੇ ਨਾਲ ਜ਼ਿਆਦਤੀ ਕਰ ਕੇ, ਝਗੜੇ ਖੜੇ ਹੋਣ ਲਗ ਪਏ। ਫਸਾਦ ਤੇ ਨਫ਼ਰਤ ਪੈਦਾ ਹੋਣੀ ਸ਼ੁਰੂ ਹੋ ਗਈ। ਸਾਡੇ ਗੁਰੂ ਸਾਹਿਬਾਂ ਨੇ ਜਿਥੇ ਸਾਡੇ ਵਹਿਮ-ਭਰਮ, ਪਾਖੰਡ ਤੇ ਅਗਿਆਨਤਾ ਨੂੰ ਦੂਰ ਕਰਨ ਲਈ ਗ਼ਲਤ ਰਸਮਾਂ-ਰਿਵਾਜਾਂ ਵਿਰੁਧ ਪ੍ਰਚਾਰ ਕੀਤਾ ਉਥੇ ਉਨ੍ਹਾਂ ਨੇ ਸਾਨੂੰ ਨਵੇਂ ਤੇ ਠੀਕ ਤਰੀਕੇ ਨਾਲ ਤਿਉਹਾਰ ਮਨਾਉਣ ਦੀ ਜਾਚ ਵੀ ਦੱਸੀ। ਪੰਜਵੇ ਗੁਰੂ ਸਾਹਿਬ ਨੇ ਹੋਲੀ ਬਾਰੇ ਲਿਖਿਆ ਹੈ ਹੋਲੀ *ਕੀਨੀ ਸੰਤ ਸੇਵ..........।* ਭਾਵ-ਅਸਲ ਹੋਲੀ ਤਾਂ ਸੰਤਾਂ ਦੀ ਸੇਵਾ ਕਰਨੀ ਹੈ। ਸੇਵਾ ਲਈ ਜ਼ਰੂਰੀ ਹੈ ਕਿ ਸਰੀਰ ਤਕੜਾ ਤੇ ਨਰੋਆ ਹੋਵੇ। ਤਕੜਾ ਹੋਣ ਲਈ ਜਿਥੇ ਕਸਰਤ ਜ਼ਰੂਰੀ ਹੈ ਉਥੇ ਮਾੜੀਆਂ ਗੱਲਾਂ ਦਾ ਤਿਆਗ ਵੀ ਜ਼ਰੂਰੀ ਹੈ।

### ਹੋਲੀ ਤੋਂ ਹੋਲਾ ਮਹੱਲਾ

'ਹੋਲਾ ਮਹੱਲਾ' ਅਰਬੀ ਫ਼ਾਰਸੀ ਦੇ ਲਫਜ਼ ਹਨ। ਜਿਨ੍ਹਾਂ ਦਾ ਅਰਥ ਹੈ ਹਮਲਾ ਅਤੇ ਹਮਲੇ ਵਾਲੀ ਥਾਂ।

ਸ੍ਰੀ ਗੁਰੂ ਗੋਬਿੰਦ ਜੀ ਮਹਾਰਾਜ ਨੇ ਜਿੱਥੇ ਸਾਡੀ ਸ਼ਕਲ-ਸੂਰਤ ਬਦਲੀ, ਸਾਡਾ ਰਹਿਣ-ਸਹਿਣ ਬਦਲਿਆ, ਸਾਡੇ ਸੋਚਣ- ਢੰਗ ਬਦਲੇ, ਉਥੇ ਸਾਡੇ ਤਿਉਹਾਰ ਵੀ ਬਦਲ ਦਿੱਤੇ।

ਹੋਲੀ ਉਤੇ ਸਿਰ ਮੂੰਹ ਕਾਲੇ ਹੋਣ ਦੀ ਥਾਂ ਸਿਰਾਂ ਉਤੇ ਰੰਗ ਬਰੰਗੀਆਂ ਦਸਤਾਰਾਂ ਤੇ ਦੁਮਾਲਿਆਂ ਦੇ ਮੁਕਾਬਲੇ ਹੋਣ ਲਗ ਪਏ। ਇਕ ਦੂਜੇ ਮਗਰ ਦੌੜ ਕੇ ਰੰਗ ਤੇ ਗੋਬਰ ਸੁਟਣ ਦੀ ਜਗ੍ਹਾ ਘੋੜ-ਦੌੜਾਂ ਦੇ ਮੁਕਾਬਲੇ ਨੇ ਲੈ ਲਈ, ਨੇਜੇ ਬਾਜ਼ੀ, ਕੁਸ਼ਤੀਆਂ ਤੇ ਖੇਡਾਂ ਨੇ ਲੈ ਲਈ। ਸਰੀਰ ਤਕੜੇ ਹੋਣ ਲਗ ਪਏ। ਹੋਲੀਆਂ ਦੇ ਆਖ਼ਰੀ ਦਿਨ ਹੋਲਾ ਮਹੱਲਾ ਨਿਕਲਣ ਲਗ ਪਿਆ। ਅਨੰਦਪੁਰ ਦਾ ਕਿਲ੍ਹਾ ਹੋਲ ਗੜ੍ਹ ਇਸ ਦਿਨ ਦੀ ਯਾਦ ਹੁਣ ਵੀ ਦਿਵਾਉਂਦਾ ਹੈ ਕਿ ਇਸ ਥਾਂ ਮਹਾਰਾਜ ਨੇ ਪਹਿਲੀ ਵਾਰ ਸੰਮਤ ੧੭੫੭ ਚੇਤ ਵਦੀ ਇਕ ਨੂੰ ਖ਼ਾਲਸੇ ਦਾ ਪਹਿਲਾ ਮਹੱਲਾ ਕੱਢਿਆ ਸੀ।

ਮਹਾਰਾਜ, ਖ਼ਾਲਸੇ ਨੂੰ ਸ਼ਸਤਰ ਅਤੇ ਯੁੱਧ ਵਿਚ ਨਿਪੁੰਨ ਕਰਨ ਲਈ ਦੋ ਫੌਜਾਂ ਬਣਾ ਕੇ, ਚੰਗੇ ਸਿਆਣੇ ਮੁਖੀ ਸਿੰਘਾਂ ਦੀ ਨਿਗਰਾਨੀ ਹੇਠ ਇਕ ਥਾਂ ਤੇ ਹਮਲਾ ਕਰਾਉਂਦੇ ਯਾਨੀ ਕਿ ਬਨਾਵਟੀ ਲੜਾਈ ਲੜੀ ਜਾਂਦੀ। ਦੋਹਾਂ ਪਾਸਿਆਂ ਦੀਆਂ ਫੌਜਾਂ ਨੂੰ ਸ਼ੁਭ ਸਿਖਿਆ ਦੇ ਕੇ ਉਨ੍ਹਾਂ ਦੀ ਹੌਸਲਾ-ਅਫ਼ਜਾਈ ਲਈ ਦੀਵਾਨਾਂ ਵਿਚ ਉਨ੍ਹਾਂ ਨੂੰ ਸਿਰੋਪਾ ਬਖਸ਼ੇ ਜਾਂਦੇ।

ਅਜ ਕਲ੍ਹ ਵੀ ਹੋਲੇ ਮਹੱਲੇ ਵਾਲੇ ਦਿਨ ਪੰਜ ਪਿਆਰੇ ਕਿਲ੍ਹਾ ਅਨੰਦ-ਗੜ੍ਹ ਤੋਂ ਅਰਦਾਸਾ ਕਰ ਕੇ, ਨਿਸ਼ਾਨ ਸਾਹਿਬ ਲੈ ਕੇ ਮਹੱਲੇ (ਜਲੂਸ) ਦੀ ਸ਼ਕਲ ਵਿਚ ਚੜ੍ਹਦੇ ਹਨ। ਉਨ੍ਹਾਂ ਨਾਲ ਤਰਨਾ ਦਲ ਤੇ ਬੁਢਾ ਦਲ ਦੇ ਨਿਹੰਗ ਸਿੰਘ ਘੋੜਿਆਂ ਤੇ ਉਨਾਂ ਉਤੇ ਸਵਾਰ, ਨਗਾਰੇ ਵਜਾਂਦੇ, ਜੈਕਾਰੇ ਗਜਾਂਦੇ, ਗੁਲਾਲ ਛਿੜਕਦੇ ਇਕ ਅਨੋਖੇ ਉਤਸ਼ਾਹ ਨਾਲ ਦੌੜਦੇ ਉਛਲਦੇ ਨਿਕਲਦੇ ਹਨ। ਨਗਾਰਿਆਂ ਤੇ ਬੈਂਡ ਵਾਜਿਆਂ ਦੀਆਂ ਭਾਂਤ ਭਾਂਤ ਦੀਆਂ ਸੁਰਾਂ ਤੇ ਅਵਾਜ਼ਾਂ ਸਮੇਤ ਹੋਲ-ਗੜ੍ਹ ਕਿਲ੍ਹੇ ਤੋਂ ਹੁੰਦੇ 'ਚਰਨ ਗੰਗਾ' ਦੇ ਰੇਤਲੇ ਮੈਦਾਨ ਵਿਚ ਪੁੱਜਦੇ ਹਨ। ਉਥੇ ਨੇਜ਼ਾ-ਬਾਜ਼ੀ, ਘੋੜ-ਦੌੜ, ਗਤਕਾ ਤੇ ਹੋਰ ਸ਼ਸਤਰਾਂ ਦੇ ਅਨੇਕ ਕਰਤਬ ਦਿਖਾਏ ਜਾਂਦੇ ਹਨ।

ਸ਼ਾਮ ਨੂੰ ਤਖ਼ਤ ਸ੍ਰੀ ਕੇਸ ਗੜ੍ਹ ਸਾਹਿਬ ਪੁਜੇ ਹੋਲੇ ਮਹੱਲੇ ਦੀ ਸਮਾਪਤੀ ਦਾ ਅਰਦਾਸਾ ਹੁੰਦਾ ਹੈ।

ਹੋਲਾ ਮਨਾਉਣ ਵਾਲਿਓ ਗੁਰੂ ਕੇ ਸਿੰਘੋ! ਸੁਣੋ!

ਮੁਸਲਮਾਨਾਂ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਸਭ ਤੋਂ ਜ਼ਿਆਦਾ ਪਿਆਰੇ (ਨੇੜੇ ਰਹਿਣ ਵਾਲੇ ਭਗਤ) ਚਾਰ ਸਨ। ਉਨ੍ਹਾਂ ਨੂੰ ਚਾਰ ਸੇਵਕ ਜਾਂ ਚਾਰ ਯਾਰ ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ।

ਹਨੂਮਾਨ ਜੀ, ਸ੍ਰੀ ਰਾਮ ਚੰਦਰ ਜੀ ਦੇ ਸਭ ਤੋਂ ਵਧ ਨੇੜਤਾ ਰੱਖਣ ਵਾਲੇ ਸੇਵਕ (ਭਗਤ) ਸਨ ਉਨ੍ਹਾਂ ਨੇ ਇਕ ਵਾਰ ਆਪਣੀ ਛਾਤੀ ਚੀਰ ਕੇ ਦਸਿਆ ਸੀ ਕਿ ਕਿਸ ਤਰ੍ਹਾਂ ਉਨ੍ਹਾਂ ਦੇ ਰੋਮ ਰੋਮ ਵਿਚ 'ਰਾਮ' ਰਚਿਆ ਹੋਇਆ ਹੈ। ਪਰ ਹਜ਼ਰਤ ਤੇ ਰਾਮ ਜੀ ਦੇ ਸੇਵਕ ਸਾਰੀ ਉਮਰ ਸੇਵਕ ਹੀ ਰਹੇ। ਉਹ ਆਪਣੇ ਅਵਤਾਰ ਜਾਂ ਪੈਗ਼ੰਬਰ (ਪ੍ਰਭੂ) ਦੇ ਬਰਾਬਰ ਨਹੀਂ ਹੋ ਸਕੇ।

ਪਰ ਇਧਰ ਦੇਖੋ, ਆਪਣੇ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲ। ਜਿਨ੍ਹਾਂ ਨੇ ਆਪਣੇ ਸਿਖਾਂ ਨੂੰ

***(ਬਾਕੀ ਪੰਨਾ 24 'ਤੇ)***

# ਹੋਲਾ-ਮਹੱਲਾ ਜ਼ਰੂਰ ਮਨਾਈਏ

*(ਭਾਈ ਸਰਬਜੀਤ ਸਿੰਘ ਜੀ)*

ਹੋਲਾ-ਮਹੱਲਾ ਸਾਡਾ ਇੱਕ ਅਹਿਮ ਦਿਹਾੜਾ ਹੈ। ਜੋ ਕਿ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ (ਹੋਲਗੜ੍ਹ) ਦੇ ਸਥਾਨ ਤੇ ਸਭ ਤੋਂ ਪਹਿਲੀ ਵਾਰ ਚੇਵਦੀ ਏਕਮ ਸੰਮਤ ੧੭੫੭ ਨੂੰ ਮਨਾਇਆ ਸੀ ਅਤੇ ਹੁਕਮ ਕੀਤਾ ਕਿ ਖਾਲਸਾ ਹੋਲੀ ਦੇ ਪ੍ਰੰਪਰਾਗਤ ਰੂਪ ਨੂੰ ਪ੍ਰਵਾਨ ਨਹੀਂ ਕਰਦਾ ਅਤੇ ਉਹ ਹੋਲਾ ਮਨਾਉਂਦਾ ਹੈ, ਜਿਸ ਰਾਹੀਂ ਚੜ੍ਹਦੀ ਕਲ੍ਹਾ ਦਾ ਅਹਿਸਾਸ ਪੈਦਾ ਹੁੰਦਾ ਹੈ ਅਤੇ ਨਰੋਆ ਸਰੀਰ ਰੱਖਣ ਲਈ ਪ੍ਰੇਰਣਾ ਮਿਲਦੀ ਹੈ।

ਮਹਾਨ ਵਿਦਵਾਨ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਯੁੱਧ ਵਿਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ ਚੇਤ ਵਦੀ ਇੱਕ ਨੂੰ ਸਿੱਖਾਂ ਵਿੱਚ ਹੋਲਾ-ਮਹੱਲਾ ਹੁੰਦਾ ਹੈ ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀਂ। ਮਹੱਲਾ ਇੱਕ ਪ੍ਰਕਾਰ ਦੀ ਮਸਨੂਈ ਲੜਾਈ ਹੈ। ਪੈਦਲ, ਘੋੜ-ਸਵਾਰ ਤੇ ਸ਼ਸਤਰਧਾਰੀ ਸਿੰਘ, ਦੋ ਪਾਸਿਆਂ ਤੋਂ ਇੱਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ। ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਂਦੀ ਸ਼ੁਭ ਸਿੱਖਿਆ ਦਿਆ ਕਰਦੇ ਸਨ। ਜਿਹੜਾ ਦਲ ਜੇਤੂ ਹੁੰਦਾ ਉਸ ਨੂੰ ਦੀਵਾਨ 'ਚ ਸਿਰੋਪਾ ਬਖਸ਼ਦੇ ਸਨ। ਪਰ ਅਸੀਂ ਸਾਲ ਪਿਛੋਂ ਇਹ ਰਸਮ ਨਾਮ ਮਾਤ੍ਰ ਕਰ ਛੱਡਦੇ ਹਾਂ, ਲਾਭ ਕੁਝ ਨਹੀਂ ਉਠਾਉਂਦੇ, ਹਾਲਾਂ ਕਿ ਸ਼ਸਤਰ- ਵਿਦਿਆ ਤੋਂ ਅਨਜਾਣ ਸਿੱਖ, ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ।

ਇਸੇ ਵਿਸ਼ੇ ਤੇ ਭਾਈ ਸਾਹਿਬ ਹੋਰ ਲਿਖਦੇ ਹਨ – 'ਸ਼ੋਕ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਅਪਣੀ ਕੌਮੀ ਵਿਦਿਆ ਨਹੀਂ ਸਮਝਿਆ। ਸਿਰਫ਼ ਫੌਜੀਆਂ ਦਾ ਕਰਤੱਬ ਮੰਨ ਲਿਆ ਹੈ। ਜਦ ਦਸਮੇਸ਼ ਜੀ ਦਾ ਉਪਦੇਸ਼ ਹੈ ਕਿ ਹਰ ਇੱਕ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ।' ਅੱਜ ਲੋੜ ਹੈ ਜਿੱਥੇ ਸਾਡੇ ਗੁਰਦੁਆਰਾ ਸਾਹਿਬਾਨ ਵਿਖੇ ਗੁਰੂ ਸਾਹਿਬਾਨ ਦੇ ਗੁਰਪੁਰਬ ਮਨਾਏ ਜਾਂਦੇ ਹਨ, ਸ਼ਹੀਦਾਂ ਦੇ ਸ਼ਹੀਦੀ ਦਿਨ ਮਨਾਏ ਜਾਂਦੇ ਹਨ, ਖਾਲਸੇ ਦਾ ਜਨਮ ਦਿਹਾੜਾ ਵਿਸਾਖੀ ਮਨਾਇਆ ਜਾਂਦਾ ਹੈ, ਕਿਉਂ ਨਾ ਹਰ ਮੁਹੱਲੇ, ਇਲਾਕੇ ਵਿਖੇ ਗੁਰਦੁਆਰਾ ਸਾਹਿਬਾਨ ਵੱਲੋਂ ਹੋਲਾ-ਮਹੱਲਾ ਵੀ ਮਨਾਇਆ ਜਾਵੇ। ਹੋਲਾ-ਮਹੱਲਾ ਮਨਾਉਣਾ ਗੁਰੂ ਸਾਹਿਬ ਦਾ ਹੁਕਮ ਹੈ ਅਤੇ ਸਾਨੂੰ ਇਸ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ।

ਇਸ ਕਾਰਜ ਲਈ ਹਰ ਗੁਰਦੁਆਰਾ ਸਾਹਿਬਾਨ ਹੋਲੇ -ਮਹੱਲੇ ਵਾਲੇ ਦਿਨ ਜਾਂ ਕਿਸੇ ਹੋਰ ਯੋਗ ਦਿਨ ਇਲਾਕੇ ਦੇ ਬੱਚਿਆਂ, ਨੌਜਵਾਨਾਂ, ਬਜੁਰਗਾਂ ਅਤੇ ਬੀਬੀਆਂ ਦੇ ਵੱਖ ਵੱਖ ਮੁਕਾਬਲੇ ਕਰਵਾਉਣ। ਇਨ੍ਹਾਂ ਮੁਕਾਬਲਿਆਂ ਵਿੱਚ ਬਜੁਰਗਾਂ ਲਈ ਚੱਲਣਾ, ਤੇਜ਼ ਚੱਲਣਾ, ਆਦਿ ਖੇਡਾਂ ਸ਼ਾਮਲ ਹੋ ਸਕਦੀਆਂ ਹਨ। ਬੱਚਿਆਂ ਅਤੇ ਨੌਜਵਾਨਾਂ ਲਈ ਦੌੜਾਂ, ਪੁੱਠੀਆਂ ਦੌੜਾਂ, ਰੋਕ ਦੌੜ, ਲੰਮੀ ਛਾਲ, ਕਬੱਡੀ, ਖੋ-ਖੋ, ਰੱਸਾਕੱਸੀ ਆਦਿ ਖੇਡਾਂ ਖੇਡੀਆਂ ਜਾ ਸਕਦੀਆਂ ਹਨ।

ਹੋਲਾ-ਮਹੱਲਾ ਵਾਲੇ ਦਿਨ ਗੱਤਕਾ ਪ੍ਰਦਰਸ਼ਨ ਵੀ ਕਰਵਾਏ ਜਾ ਸਕਦੇ ਹਨ। ਇਸ ਨਾਲ ਨੌਜਵਾਨਾਂ ਵਿੱਚ ਗੱਤਕਾ ਖੇਡਣ ਦੀ ਰੁਚੀ ਪ੍ਰਬਲ ਅਤੇ ਨਿਡਰਤਾ ਦਾ ਅਹਿਸਾਸ ਪੈਦਾ ਹੋਵੇਗਾ। ਅੱਜ ਜਦ ਸਾਰਾ ਸੰਸਾਰ ਜੂਡੋ ਕਰਾਟੇ ਅਤੇ ਹੈਲਥ ਕਲੱਬਾਂ ਰਾਹੀਂ ਸਰੀਰਕ ਤੰਦਰੁਸਤੀ ਅਤੇ ਆਤਮ-ਨਿਰਭਰਤਾ ਲਈ ਕਿੰਨੇ-ਕਿੰਨੇ ਪੈਸੇ ਖਰਚ ਕਰਕੇ ਵਿਸ਼ੇਸ਼ ਉਪਰਾਲੇ ਕਰ ਰਿਹਾ ਹੈ ਤਾਂ ਫਿਰ ਸਾਨੂੰ ਆਪਣੇ ਵਿਰਸੇ ਨੂੰ ਵਿਸਾਰ ਕੇ ਹੋਲੇ-ਮਹੱਲੇ ਨੂੰ ਵਿਸਾਰਣ ਦਾ ਕੋਈ ਅਧਿਕਾਰ ਨਹੀਂ। ਗੱਤਕਾ ਪ੍ਰਦਰਸ਼ਨ ਸਾਡੇ ਅੰਦਰ ਸ਼ਸ਼ਤਰ ਵਿੱਦਿਆ ਸਿੱਖਣ ਦਾ ਚਾਅ ਪੈਦਾ ਕਰੇਗਾ।

ਹੋਰ ਵੀ ਚੰਗਾ ਹੋਵੇ ਜੇਕਰ ਅਸੀਂ ਇਸ ਮੌਕੇ ਤੇ

ਨੌਜਵਾਨਾਂ ਦੇ ਘੋਲ ਵੀ ਕਰਵਾ ਸਕੀਏ। ਇਸ ਲਈ ਭਾਵੇਂ ਆਰੰਭ ਵਿੱਚ ਘੋਲ-ਘੁਲਣ ਵਾਲੇ ਨੌਜਵਾਨਾਂ ਨੂੰ ਬੁਲਾਇਆ ਜਾਵੇ ਅਤੇ ਹੌਲੀ-ਹੌਲੀ ਇਲਾਕੇ ਦੇ ਨੌਜਵਾਨਾਂ ਨੂੰ ਇਸ ਦਿਨ ਘੋਲ-ਘੁਲਣ ਲਈ ਉਤਸ਼ਾਹਿਤ ਕੀਤਾ ਜਾਵੇ। ਹੋਲਾ-ਮਹੱਲਾ ਦੀਆਂ ਖੇਡਾਂ ਵਿੱਚ ਹਿੱਸਾ ਲੈਣ ਵਾਲੇ ਜੇਤੂ ਵੀਰਾਂ ਭੈਣਾਂ ਨੂੰ ਖੂਬਸੂਰਤ ਇਨਾਮ ਦੇਣ ਨਾਲ ਉਨ੍ਹਾ ਵਿੱਚ ਇਸ ਪੁਰਬ ਲਈ ਉਤਸ਼ਾਹ ਹੋਰ ਵਧੇਗਾ।

ਪੰਥ ਦਰਦੀ ਅਤੇ ਸਮਾਜ-ਸੇਵੀ ਵੀਰੋ ਭੈਣੋਂ ਉਠੋ, ਜਾਗੋ, ਵੇਲਾ ਸੰਭਾਲੋ ਅਤੇ ਆਪਣੇ ਇਲਾਕੇ ਦੇ ਪ੍ਰਬੰਧਕ ਸਾਹਿਬਾਨ ਨੂੰ ਬੇਨਤੀ ਅਤੇ ਪ੍ਰੇਰਨਾ ਕਰਕੇ ਇਸ ਹੋਲੇ-ਮਹੱਲੇ ਦੇ ਵਿਸਰ ਰਹੇ ਸੰਕਲਪ ਨੂੰ ਦੋਬਾਰਾ ਸੰਭਾਲੋ। ਅੱਜ ਹੋਲਾ-ਮਹੱਲਾ ਕੇਵਲ ਸ੍ਰੀ ਅਨੰਦਪੁਰ ਸਾਹਿਬ, ਸ੍ਰੀ ਪਾਉਂਟਾ ਸਾਹਿਬ, ਹਜ਼ੂਰ ਸਾਹਿਬ ਜਾਂ ਦਮਦਮਾ ਸਾਹਿਬ ਆਦਿ ਇਤਿਹਾਸਕ ਸਥਾਨਾਂ ਤੇ ਕੇਵਲ ਨਿਹੰਗ ਸਿੰਘਾਂ ਵੱਲੋਂ ਹੀ ਖੇਡਿਆ ਜਾਂਦਾ ਹੈ। ਕੀ ਹੋਲਾ-ਮਹੱਲਾ ਕੇਵਲ ਨਿਹੰਗ ਸਿੰਘਾਂ ਲਈ ਹੈ?

ਨਹੀਂ, ਹੋਲਾ-ਮਹੱਲਾ ਮਨਾਉਣ ਦਾ ਹੁਕਮ ਸਾਡੇ ਸਭਨਾਂ ਲਈ ਹੈ। ਅਸੀਂ ਸਾਰਿਆਂ ਨੇ ਰਲਮਿਲ ਕੇ ਇਸ ਪੁਰਬ ਨੂੰ ਮਨਾਉਣਾ ਹੈ।

---

*(ਪੰਨਾ 22 ਦੀ ਬਾਕੀ)*

ਆਪਣੇ ਵਰਗੀ ਸ਼ਕਲ-ਸੂਰਤ ਦਿੱਤੀ, ਆਪਣੇ ਵਰਗੇ ਗੁਣ ਆਪਣੇ ਸਿੱਖਾਂ ਵਿਚ ਭਰੇ, ਆਪਣੀ ਸਾਂਝ ਸਿਖਾਂ ਨਾਲ ਪੱਕੀ ਕਰਨ ਲਈ ਆਪਣੇ ਨਾਂ ਨਾਲ 'ਸਿੰਘ' ਲਾਇਆ ਤੇ ਆਪਣੇ ਸਿਖਾਂ ਦੇ ਨਾਵਾਂ ਨਾਲ ਵੀ ਸਿੰਘ ਸ਼ਬਦ ਲਾਇਆ। ਆਪ ਗੁਰੂ ਹੁੰਦੇ ਹੋਏ ਸਿਖਾਂ ਨੂੰ (ਪੰਜਾਂ ਪਿਆਰਿਆਂ ਨੂੰ) ਅੰਮ੍ਰਿਤ ਛਕਾ ਕੇ ਫਿਰ ਉਨ੍ਹਾਂ ਨੂੰ ਹੀ ਗੁਰੂ ਦੀ ਕਲਾ ਦੇ ਕੇ ਆਪ ਉਨ੍ਹਾਂ ਕੋਲੋਂ ਸਿਖਾਂ ਵਾਂਗ ਅੰਮ੍ਰਿਤ ਛਕਿਆ। ਅਤੇ ਖ਼ਾਲਸੇ ਨੂੰ ਗੁਰੂ ਖ਼ਾਲਸਾ ਕਿਹਾ। ਇਸੇ ਕਰਕੇ ਲਿਖਿਆ ਹੋਇਆ ਹੈ –

*ਵਾਹੁ ਵਾਹੁ ਗੋਬਿੰਦ ਸਿੰਘ, ਆਪੇ ਗੁਰ ਚੇਲਾ॥*

ਗੁਰੂ ਰੂਪ ਖ਼ਾਲਸਾ ਜੀ! ਅਜ ਧਿਆਨ ਮਾਰੋ, ਆਪਣੇ ਆਲੇ-ਦੁਆਲੇ ਦੇਖੋ, ਆਪਣੇ ਘਰਾਂ ਵਿਚ ਵੇਖੋ ਕਿ ਸਾਡੀ ਸ਼ਕਲ-ਸੂਰਤ ਕੀ ਉਹੋ ਜਿਹੀ ਹੈ ਜਿਹੋ ਜਿਹੀ ਗੁਰੂ ਮਹਾਰਾਜ ਨੇ ਸਾਡੀ ਸ਼ਕਲ ਆਪਣੇ ਵਰਗੀ ਬਣਾਈ ਸੀ?

ਕੀ ਸਾਡੀ ਰਹਿਣੀ ਬਹਿਣੀ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਮਹਾਰਾਜ ਨੇ ਸਾਨੂੰ ਰਹਿਣੀ ਬਹਿਣੀ ਦੱਸੀ ਸੀ?

ਸਾਡੀ ਅੰਦਰਲੀ ਰਹਿਣੀ-ਬਹਿਣੀ (ਰਹਿਤ) ਬਾਰੇ ਤਾਂ ਸਾਨੂੰ ਆਪ ਹੀ ਪਤਾ ਹੈ ਕਿ ਅਸੀਂ ਕਿਤਨੇ ਕੁ ਸੱਚੇ-ਸੁੱਚੇ ਹਾਂ, ਕਿੰਨੀ ਕੁ ਨੇਕ ਕਮਾਈ ਕਰਦੇ ਹਾਂ, ਕਿਤਨੀ ਕੁ ਬਾਣੀ ਪੜ੍ਹਦੇ, ਸੁਣਦੇ ਤੇ ਅਮਲ ਕਰਦੇ ਹਾਂ। ਪਰ ਸਾਡੀ ਬਾਹਰਲੀ ਰਹਿਣੀ-ਬਹਿਣੀ (ਰਹਿਤ) ਤਾਂ ਦੁਨੀਆਂ ਦੇਖ ਰਹੀ ਹੈ।

ਲੋਕੀ ਧਿਆਨ ਨਾਲ ਦੇਖ ਰਹੇ ਹਨ ਕਿ ਸਾਡੇ ਵਿਚ ਕਿਤਨੇ ਜ਼ਿਆਦਾ ਐਸੇ ਲੋਕ ਪੈਦਾ ਹੋ ਗਏ ਹਨ ਜੋ ਕਿ ਗੁਰੂ ਦੀ ਦਿਤੀ ਹੋਈ ਸ਼ਕਲ-ਸੂਰਤ ਨੂੰ ਖੁਲ੍ਹਮ-ਖੁਲ੍ਹਾ ਨਾਈਆਂ ਦੀਆਂ ਦੁਕਾਨਾਂ ਉੱਤੇ ਬੈਠ ਕੇ ਵਿਗਾੜ ਰਹੇ ਹਨ।

ਕਿਤਨੇ ਹੀ ਐਸੇ ਹਨ ਜੋ ਖੁਲ੍ਹਮ-ਖੁਲ੍ਹਾ ਸਿਗਰਟ ਬੀੜੀਆਂ, ਜ਼ਰਦੇ-ਤੰਬਾਕੂ, ਸ਼ਰਾਬਾਂ ਆਦਿ ਨਸ਼ੇ ਬਜ਼ਾਰਾਂ ਵਿਚ ਪੀਂਦੇ ਫਿਰਦੇ ਹਨ। ਇਹੋ ਜਿਹੇ ਲੋਕ ਜਿੱਥੇ ਆਪਣੀ ਸਿਹਤ ਨੂੰ ਵਿਗਾੜ ਰਹੇ ਹਨ, ਉਥੇ ਸਾਰੀ ਸਿਖ ਕੌਮ ਨੂੰ ਬਦਨਾਮ ਵੀ ਕਰ ਰਹੇ ਹਨ।

ਕੀ ਇਨ੍ਹਾਂ ਨੂੰ ਕੋਈ ਪੁੱਛਣ ਵਾਲਾ ਨਹੀਂ?

ਕੀ ਇਨ੍ਹਾਂ ਨੂੰ ਕੋਈ ਰੋਕਣ ਵਾਲਾ ਨਹੀਂ?

ਇਹੋ ਜਿਹੇ ਲੋਕ ਜੋ ਆਪਣੇ ਆਪ ਨੂੰ ਗੁਰੂ ਕੇ ਸਿੱਖ ਅਖਵਾਉਂਦੇ ਹਨ, ਗੁਰੂ ਦੇ ਪਵਿਤਰ ਅਸਥਾਨਾਂ ਦੀ ਯਾਤਰਾ ਵੀ ਕਰਦੇ ਹਨ, ਦੇਗ ਵੀ ਕਰਾਉਂਦੇ ਹਨ, ਪਰ ਦੱਸੋ ਇਨ੍ਹਾਂ ਕਰਮਾਂ ਦਾ ਕੀ ਲਾਭ ਜਦ ਕਿ ਸਤਿਗੁਰੂ ਜੀ ਵਲੋਂ ਬਿਵਰਜਿਤ ਕੁਕਰਮਾਂ ਨੂੰ ਹੀ ਨਹੀਂ ਛਡਦੇ? ਗੁਰੂ ਸਾਹਿਬ ਨੇ ਸਾਫ਼ ਲਿਖਿਆ ਹੈ –

*ਰਹਿਤ ਪਿਆਰੀ ਮੁਝ ਕੋ, ਸਿਖ ਪਿਆਰਾ ਨਾਹਿ॥*

ਇਕ ਥਾਂ ਹੋਰ ਲਿਖਿਆ ਹੈ –

*ਰਹਿਣੀ ਰਹੇ ਸੋਈ ਸਿਖ ਮੇਰਾ।*

ਸੋ ਆਓ! ਇਸ ਹੋਲੇ ਮਹੱਲੇ ਦੇ ਤਿਉਹਾਰ ਉਤੇ ਆਪਣੀਆਂ ਗ਼ਲਤ ਗੱਲਾਂ ਛਡ ਦੇਈਏ। ਆਪਣੇ ਗੁਰੂ ਦੀ ਬਖ਼ਸ਼ੀ ਹੋਈ ਸਿਖੀ ਨੂੰ ਸਾਬਤ ਕੇਸਾਂ ਦਾਹੜੀਆਂ ਨਾਲ ਤੋੜ ਨਿਭਾਈਏ। ਮਨ੍ਹਾ ਕੀਤੇ ਨਸ਼ਿਆਂ ਦਾ ਤਿਆਗ ਕਰੀਏ। ਬਾਣੀ ਪੜ੍ਹੀਏ-ਸੁਣੀਏ ਅਤੇ ਅਮਲ ਕਰਕੇ ਆਪਣਾ ਕੀਮਤੀ ਜਨਮ ਸਫਲਾ ਕਰੀਏ।

# ਪਾਉਂਟਾ ਸਾਹਿਬ ਦਾ ਹੋਲਾ ਮਹੱਲਾ

*[ਸ. ਭਗਵਾਨ ਸਿੰਘ ਜੌਹਲ]*

ਸਰਬੰਸਦਾਨੀ ਨੀਲੇ ਦੇ ਸ਼ਾਹ-ਸਵਾਰ, ਸੰਤ-ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ-ਨਰੋਏ ਸਮਾਜ ਦੀ ਸਿਰਜਣਾ ਕਰਨ ਲਈ ਇਕ ਨਿਵੇਕਲੀ ਵਿਚਾਰਧਾਰਾ ਦਿੱਤੀ। ਮਨੁੱਖੀ ਸਮਾਜ ਦੇ ਦੋਵੇਂ ਅੰਗਾਂ ਇਸਤਰੀ ਤੇ ਪੁਰਸ਼ ਲਈ ਗ੍ਰਹਿਸਥੀ ਹੋਣਾ, ਪਰਉਪਕਾਰੀ ਹੋਣਾ ਅਤੇ ਹਰ ਸਮੇਂ ਗ਼ਰੀਬਾਂ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਾ ਸਮਰਪਤ ਕਰਨ ਲਈ ਆਪਣੇ ਗੁਰਸਿੱਖਾਂ ਨੂੰ ਪਾਬੰਦ ਕੀਤਾ। ਅਜਿਹੇ ਫ਼ਰਜ਼ਾਂ ਦੀ ਪੂਰਤੀ ਲਈ ਮਨੁੱਖ ਦਾ ਅਰੋਗ ਤੇ ਬਲਵਾਨ ਹੋਣਾ ਵੀ ਬਹੁਤ ਜ਼ਰੂਰੀ ਹੈ। ਕਲਗ਼ੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸੇ ਲਈ ਸ੍ਰੀ ਅਨੰਦਪੁਰ ਸਾਹਿਬ ਤੇ ਸ੍ਰੀ ਪਾਉਂਟਾ ਸਾਹਿਬ ਦੇ ਨਿਵਾਸ ਸਮੇਂ ਹੋਲੇ ਮਹੱਲੇ ਦੇ ਮੌਕੇ ’ਤੇ ਆਪਣੇ ਸਿੰਘਾਂ ਨੂੰ ਨਕਲੀ ਟਾਕਰੇ ਦਾ ਸਾਂਗ ਰਚਦੇ ਤਾਂ ਜੋ ਖ਼ਾਲਸਾ ਫ਼ੌਜ ਰਣਤੱਤੇ ਅੰਦਰ ਹੁੰਦੀ ਅਸਲੀ ਦਾਅ-ਪੇਚਾਂ, ਚਾਲਾਂ, ਹਰਕਤਾਂ ਨੂੰ ਧਿਆਨ ਗੋਚਰ ਕਰਕੇ ਅਭਿਆਸ ਕਰੇ। ਹਰ ਜਥੇ ਨੂੰ ਅਲੱਗ-ਅਲੱਗ ਵਰਦੀਆਂ ਪਹਿਨਾਈਆਂ ਜਾਂਦੀਆਂ। ਅਜਿਹੇ ਹਮਲੇ ਸਮੇਂ ਘੋੜਿਆਂ ਤੇ ਹਾਥੀਆਂ ਦੀ ਵਰਤੋਂ ਵੀ ਕੀਤੀ ਜਾਂਦੀ। ਪਾਤਸ਼ਾਹ ਆਪ ਵੀ ਲੜਾਈ ਵਿਚ ਹਿੱਸਾ ਲੈਂਦੇ। ਯੁੱਧ ਵਿਚ ਨਗਾਰੇ ਵੱਜਦੇ, ਹਥਿਆਰਾਂ ਦੇ ਟਕਰਾਅ ਹੁੰਦੇ, ਜੈਕਾਰੇ ਗੂੰਜਦੇ, ਸਤਿਗੁਰੂ ਆਪ ਯੋਧਿਆਂ ਨੂੰ ਹੱਲਾਸ਼ੇਰੀ ਦਿੰਦੇ। ਅੰਤ ਵਿਚ ਫ਼ਤਹਿ ਦੀਆਂ ਖ਼ੁਸ਼ੀਆਂ ਮਨਾਈਆਂ ਜਾਂਦੀਆਂ। ਅਸਲ ਵਿਚ ਗਲ਼ਗ਼ੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਨੁੱਖ ਮਾਤਰ ਨੂੰ ਪਸ਼ੂ ਬਿਰਤੀ ਤੋਂ ਆਜ਼ਾਦ ਕਰਵਾਇਆ। ਹੋਲੀ ਨੂੰ ਹੋਲੇ ਮਹੱਲੇ ਦਾ ਰੂਪ ਦੇ ਕੇ ਮਨੁੱਖਤਾ ਨੂੰ ਮਰਦਾਨਗੀ ਤੇ ਆਤਮਿਕ ਸ਼ੁੱਧਤਾ ਦੇ ਮੰਡਲਾਂ ਦਾ ਵਾਸੀ ਬਣਾਇਆ।

ਖ਼ਾਲਸਾ ਪੰਥ ਦੀ ਸਾਜਨਾ ਦੇ ਸੰਕਲਪ ਨੂੰ ਆਪਣੇ ਜ਼ਿਹਨ ਵਿਚ ਲੈ ਕੇ ਸਮੇਂ ਦੀ ਵੰਗਾਰ ਅਨੁਸਾਰ ਸਾਹਿਤ ਸਿਰਜਣਾ ਤੇ ਕਲਾਤਮਿਕ ਰੁਚੀਆਂ ਦੀ ਪੂਰਤੀ ਲਈ ਕਲਗ਼ੀਧਰ ਪਾਤਸ਼ਾਹ ਨੇ ਆਪਣੇ ਜੀਵਨ ਦੇ ਭਰ ਜਵਾਨੀ ਦੇ ਲਗਭਗ ਸਾਢੇ ਚਾਰ ਵਰ੍ਹੇ ਨਾਹਨ ਰਿਆਸਤ ਵਿਚ ਜਮਨਾ ਦੇ ਕਿਨਾਰੇ ਸਥਿਤ ਪਾਉਂਟਾ ਸਾਹਿਬ ਵਿਖੇ ਬਿਤਾਏ।

ਗੁਰੂ ਸਾਹਿਬਾਨ ਨੇ ਇਸ ਪਾਵਨ ਧਰਤੀ ’ਤੇ ਆਪਣੇ ਲਾਡਲੇ 52 ਕਵੀਆਂ ਤੇ ਸਾਹਿੱਤ-ਰਸੀਆਂ ਨੂੰ ਨਾਲ ਲੈ ਕੇ ਅਦਬੀ ਮਹਿਫ਼ਿਲਾਂ ਨੂੰ ਸ਼ਿੰਗਾਰਿਆ। ਇਸੇ ਅਸਥਾਨ ’ਤੇ ਚੰਦਨ ਕਵੀ ਦੀ ਕਵਿਤਾ ਤੋਂ ਖ਼ੁਸ਼ ਹੋ ਕੇ ਉਸ ਨੂੰ 65,000 ਮੋਹਰਾਂ ਦੇ ਕੇ ਸਨਮਾਨਿਤ ਕੀਤਾ। ਜਮਨਾ ਦੇ ਕਲਕਲ ਵਹਿੰਦੇ ਪਾਣੀ ਨਾਲ ਕਲੋਲਾਂ ਕਰਦਿਆਂ ਕੁਦਰਤ ਦੀ ਸੁਹਾਵਣੀ ਗੋਦ ਵਿਚ ਬੈਠ ਕੇ ਦਸਮ ਗ੍ਰੰਥ ਦੀਆਂ ਅਨੇਕਾਂ ਬਾਣੀਆਂ ਦੀ ਰਚਨਾ ਕੀਤੀ। ਸ਼ਸਤਰ ਤੇ ਸ਼ਾਸਤਰ ਵਿੱਦਿਆ ਦੇ ਨਾਲ ਕਾਦਰ ਦੀ ਕੁਦਰਤ ਦੇ ਸੁੰਦਰ ਨਜ਼ਾਰਿਆਂ ਨੂੰ ਮਾਣਦਿੱਆਂ, ਬਲਿਹਾਰ ਜਾਂਦਿਆਂ, ਉਸ ਦੀਆਂ ਗੁੱਝੀਆਂ ਰਮਜ਼ਾਂ ਨੂੰ ਭਾਂਪਦਿਆਂ ਇਕ ਯੋਗ ਕਲਾ ਪਾਰਖੂ ਦੀ ਤਰ੍ਹਾਂ ਆਪਣੇ ਸਿੰਘਾਂ ਨੂੰ ਸੋਹਣੀਆਂ ਦਸਤਾਰਾਂ ਸਜਾਉਣ ਅਤੇ ਚੰਗੇਰੀਆਂ ਸਾਹਿਤਕ ਰਚਨਾਵਾਂ ਦੇ ਮੁਕਾਬਲਿਆਂ ਵਿਚ ਇਨਾਮ ਦਿੱਤੇ ਜਾਣ ਲੱਗੇ। ਦੇਸ਼ ਦੇ ਕੋਨੇ-ਕੋਨੇ ਤੋਂ ਸਾਹਿਤਕਾਰ ਵਿਸ਼ੇਸ਼ ਕਰ ਕਵੀ ਆਪਣੀਆਂ ਆਤਮਿਕ ਰਸ ਭਰਪੂਰ ਪ੍ਰੇਮ ਰਸ, ਬੀਰ ਰਸ, ਹਾਸ ਰਸ ਦੀਆਂ ਕਵਿਤਾਵਾਂ ਸੁਣਾਉਣ ਲਈ ਪਹੁੰਚਦੇ ਸਨ। ਇਥੇ ਹੀ ਪੀਰ ਬੁੱਧੂ ਸ਼ਾਹ ਵੀ ਸਢੌਰੇ ਤੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਕਲਗੀਧਰ ਪਾਤਸ਼ਾਹ ਦੇ ਦਰਸ਼ਨਾਂ ਹਿੱਤ ਪਾਉਂਟਾ ਸਾਹਿਬ ਪੁੱਜੇ। ਉਨ੍ਹਾਂ ਭੰਗਾਣੀ ਦੇ ਯੁੱਧ ਵਿਚ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਯੁੱਧ ਕਲਾ ਦੇ ਜੌਹਰ ਵਿਖਾਏ। ਯੁੱਧ ਤੋਂ ਪਿੱਛੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਦੀ ਸ਼ਹਾਦਤ ਹੋਣ ’ਤੇ ਪੀਰ ਜੀ ਨੇ ਗਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਛੋਟੀ ਦਸਤਾਰ ਤੇ ਕੇਸਾਂ ਸਮੇਤ

**(ਬਾਕੀ ਪੰਨਾ 29 ’ਤੇ)**

# ਰੰਗ-ਰਤੜਾ ਹੋਲਾ

*[ਸਵਰਗੀ ਭਾਈ ਸੇਵਾ ਸਿੰਘ ਜੀ]*

***ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥***
***ਅੰਗ - 1109***

ਸਾਡੇ ਦੇਸ਼ ਵਿਚ ਸਿਆਲੀ ਰੁੱਤ ਦੇ ਪੋਹ ਮਾਘ ਮਹੀਨੇ ਅਤਿ ਕਰੜੀ ਠੰਡ ਦੇ ਹੁੰਦੇ ਹਨ। ਇਸ ਕਰੜੀ ਠੰਡ ਕਾਰਨ ਵਣਾਂ ਤ੍ਰਿਣਾਂ ਦੇ ਰਸ ਵੀ ਸੁੱਕ ਜਾਂਦੇ ਹਨ। ਸਭੇ ਜੀਅ ਜੰਤ ਠੰਢ ਦੀ ਬਹੁਲਤਾ ਨਾਲ ਕੁਰਲਾ ਉੱਠਦੇ ਹਨ। ਇਸ ਠੰਢ ਦਾ ਅਸਰ ਮਨਾਂ ਤੇ ਜੀਵਾਤਮਾ 'ਤੇ ਪੈਣਾ ਵੀ ਕੁਦਰਤੀ ਹੈ। ਸਰੀਰ, ਮਨ ਤੇ ਆਤਮਾ ਠੰਡ ਨਾਲ ਸੁਗੰੜ ਜਾਂਦੇ ਹਨ। ਪਰ ਨਾਮ-ਰੰਗਰਤੀਆਂ ਆਤਮਾਵਾਂ ਨੂੰ ਪੋਖ ਵਿਚ ਵੀ "ਕੰਠਿ ਮਿਲਿਆ ਹਰਿ ਨਾਹੁ" ਹੋਣ ਕਰਕੇ ਤੁਖਾਰ ਨਹੀਂ ਵਿਆਪਦੀ।

ਇਸ ਸਿਸੀਅਰ ਰੁੱਤ ਪਿੱਛੋਂ ਬਸੰਤ ਰੁੱਤ ਦਾ ਆਗਮਨ ਹੁੰਦਾ ਹੈ, ਜਿਸ ਨਾਲ ਸੁੰਗੜੇ ਹੋਏ ਮਨ ਖੇੜੇ ਵਿਚ ਆਉਂਦੇ ਹਨ ਅਤੇ ਸਾਰੀ ਬਨਸਪਤੀ ਵੀ ਨਵੀਂ ਦੁਲਹਨ ਵਾਂਗ ਮੌਲ ਉੱਠਦੀ ਹੈ। ਬਸੰਤ ਰਾਗ ਵਿਚ ਗੁਰੂ ਅਮਰਦਾਸ ਜੀ ਇਸ ਖੇੜੇ ਦਾ ਜ਼ਿਕਰ ਇਉਂ ਕਰਦੇ ਹਨ-

***ਬਸੰਤੁ ਚੜਿਆ ਫੂਲੀ ਬਨਰਾਇ॥***
***ਏਹਿ ਜੀਅ ਜੰਤ ਫੂਲਹਿ, ਹਰਿ ਚਿਤੁ ਲਾਇ॥***
***ਇਨ ਬਿਧਿ ਇਹੁ ਮਨੁ ਹਰਿਆ ਹੋਇ॥***
***ਹਰਿ ਹਰਿ ਨਾਮੁ ਜਪੈ ਦਿਨੁ ਰਾਤੀ,***
***ਗੁਰਮੁਖਿ ਹਉਮੈ ਕਢੈ ਧੋਇ॥ ਅੰਗ - 1176***

ਬਦਲ ਰਹੀ ਰੁੱਤ ਦੇ ਸੁਭਾ ਅਧੀਨ ਜੀਵਾਂ ਦੇ ਮਨਾਂ ਵਿਚ ਵੀ ਚਾਉ ਭਰੀ ਤਬਦੀਲੀ ਆਉਂਦੀ ਹੈ। ਹਰ ਸ਼ੈ ਵਿਚ ਨਵਾਂ ਰਸ, ਨਵਾਂ ਰੂਪ ਤੇ ਨਵਾਂ ਰੰਗ ਭਰਦਾ ਹੈ। ਜੀਵਾਂ ਦੇ ਸਰੀਰ ਵਿਚ ਵੀ ਨਵਾਂ ਖ਼ੂਨ ਜੋਸ਼ ਮਾਰਦਾ ਹੈ, ਜਿਸ ਦੇ ਕਾਰਨ ਮਨਾਂ ਦਾ ਆਪ-ਮੁਹਾਰੇ ਖੇੜੇ ਵਿਚ ਆਉਣਾ ਕੁਦਰਤੀ ਹੈ। ਦੂਜੇ ਲਫਜ਼ਾਂ ਵਿਚ ਇਉਂ ਆਖੋ ਕਿ ਇਸ ਰੁੱਤ ਵਿਚ ਚਾਵਾਂ-ਮਲ੍ਹਾਰਾਂ, ਉਮੰਗਾਂ-ਤਰੰਗਾਂ ਦਾ ਪ੍ਰਗਟਾਵਾ ਹੋਣਾ ਕੁਦਰਤੀ ਹੀ ਹੈ। ਭਾਵ ਇਹ ਕਿ ਜੀਵ ਖੁਸ਼ੀ ਵਿਚ ਨੱਚ ਉੱਠਦਾ ਹੈ। ਅਜਿਹੇ ਸਮੇਂ ਜੀਵ ਰਾਗ ਰੰਗ ਦੀਆਂ ਮਹਿਫ਼ਲਾਂ ਵਿਚ ਬਉਰੇ ਹੋ ਉੱਠਦੇ ਹਨ ਅਤੇ ਇਨ੍ਹਾਂ ਖ਼ੁਸ਼ੀਆਂ ਨੂੰ ਹੋਲੀਆਂ ਦੇ ਰੂਪ ਵਿਚ ਮਨਾਉਂਦੇ ਹਨ। ਆਪੇ ਤੋਂ ਬਾਹਰ ਤੇ ਬੇਕਾਬੂ ਹੋਈ ਮਸਤੀ ਦੇ ਅਧੀਨ ਹੋ ਕੇ ਜੀਵ ਖਰ-ਮਸਤੀਆਂ ਕਰਨ ਲੱਗ ਪੈਂਦੇ ਹਨ। ਇਹ ਹਉਮੈ ਦਾ ਵਿਗਾੜ ਹੈ। ਨਤੀਜਾ ਇਹ ਨਿਕਲਦਾ ਹੈ ਕਿ ਖੇਹ ਮਿੱਟੀ ਉਡਾਂਦੇ ਹਨ ਅਤੇ ਸਿਰ ਮੂੰਹ ਕਾਲੇ ਨੀਲੇ ਕਰ ਕੇ ਗਲੀਆਂ-ਬਜ਼ਾਰਾਂ ਵਿਚ ਊਲ-ਜਲੂਲ ਬਕਦੇ ਤੇ ਨੱਚਦੇ ਟੱਪਦੇ ਫਿਰਦੇ ਹਨ। ਇਥੋਂ ਤਕ ਕਿ ਗਲੀ-ਬਜ਼ਾਰ ਖੇਹ ਮਿੱਟੀ ਦੇ ਗੰਦਗੀ ਨਾਲ ਭਰ ਜਾਂਦੇ ਹਨ ਅਤੇ ਸਾਊ ਬੰਦਿਆਂ ਦਾ ਗਲੀਆਂ-ਬਜ਼ਾਰਾਂ ਵਿੱਚੋਂ ਲੰਘਣਾ ਔਖਾ ਹੋ ਜਾਂਦਾ ਹੈ।

ਅਜਿਹੀ ਦੁਰਦਸ਼ਾ ਨੂੰ ਅਨੁਭਵ ਕਰਦਿਆਂ ਹੋਇਆਂ ਕਲਗੀਧਰ ਪਾਤਿਸ਼ਾਹ ਨੇ ਇਸ ਖੇੜੇ ਲਿਆਉਣ ਵਾਲੀ ਰੁੱਤ ਤੇ ਚਾਵਾਂ ਮਲ੍ਹਾਰਾਂ ਤੇ ਖੁਸ਼ੀਆਂ ਨੂੰ ਜ਼ਬਤ ਤੇ ਸੰਜਮ ਨਾਲ ਜੀਵਾਤਮਾ ਦੀ ਉਸਾਰੀ ਲਈ ਵਰਤਿਆ ਅਤੇ ਹਰੀ ਗੁਣ ਗਾਉਂਦਿਆਂ ਬੀਰ-ਰਸੀ ਤਿਉਹਾਰ "ਹੋਲਾ ਮਹੱਲਾ" ਪ੍ਰਚਲਿਤ ਕੀਤਾ। ਪੁਰਾਣੀਆਂ ਗੰਦੀਆਂ ਰਹੁ-ਰੀਤਾਂ ਦੀ ਥਾਂ ਨਾਮ-ਰੰਗ ਦਾ ਗੁਲਾਲ ਛਿਣਕਾਇਆ, ਕੱਚੇ ਪਿੱਲੇ ਗੀਤਾਂ ਦੀ ਥਾਂ ਨਾਮ-ਰੱਤੀ ਗੁਰਬਾਣੀ ਗਾਵਾਈ ਅਤੇ ਨੱਚਣ ਟੱਪਣ ਦੇ ਹੋਛੇ ਪ੍ਰਗਟਾਵੇ ਦੀ ਥਾਂ ਬੀਰ-ਰਸੀ ਦਲਾਂ ਦੇ ਯੁੱਧ-ਅਭਿਆਸ ਕਰਵਾ ਕੇ, ਦੀਨਾਂ ਦੁਖੀਆਂ ਲਈ ਆਪਾ-ਵਾਰਨ ਤੇ ਧਰਮ-ਯੁੱਧਾਂ ਵਿਚ ਜੂਝ ਮਰਨ ਵਾਲੀ ਨਿਡਰਤਾ ਪੈਦਾ ਕੀਤੀ। ਇਉਂ ਇਸ ਤਿਉਹਾਰ ਨੂੰ ਉਸਾਰੂ ਤੇ ਨਵੀਂ ਰੂਪ-ਰੇਖਾ ਦੇ ਕੇ ਨਵਾਂ ਤੇ ਨਰੋਆ ਬਣਾ ਦਿੱਤਾ।

ਸਤਿਗੁਰਾਂ ਨੇ ਬਾਣੀ ਵਿਚ ਇਸ ਰੁੱਤ ਨੂੰ ਖ਼ਾਸ ਮਹਾਨਤਾ ਦਿੱਤੀ ਹੈ। ਬਸੰਤ ਰਾਗ ਵਿਚ ਬਸੰਤ ਦੀ ਵਾਰ ਵਿਚ ਇਉਂ ਫੁਰਮਾਉਂਦੇ ਹਨ -

***ਹਰਿ ਕਾ ਨਾਮੁ ਧਿਆਇ ਕੈ, ਹੋਹੁ ਹਰਿਆ ਭਾਈ॥ ਕਰਮਿ ਲਿਖੰਤੈ ਪਾਈਐ, ਇਹ ਰੁਤਿ ਸੁਹਾਈ॥ ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ, ਅੰਮ੍ਰਿਤ ਫਲੁ ਪਾਈ॥ ਮਿਲਿ ਸਾਧੂ ਸੁਖੁ ਊਪਜੈ, ਲਥੀ ਸਭ ਛਾਈ॥ ਨਾਨਕੁ***

***(ਬਾਕੀ ਪੰਨਾ 31 'ਤੇ)***

# ਹੋਲੀ ਤੋਂ ਹੋਲਾ ਮਹੱਲਾ

*[ਸ. ਸੁਖਦੇਵ ਸਿੰਘ ਸ਼ਾਂਤ, ਪਟਿਆਲਾ]*

ਹੋਲੀ ਦੇ ਤਿਉਹਾਰ ਦਾ ਆਧਾਰ ਮਹਾਂਭਾਰਤ ਅਤੇ ਪੁਰਾਣਾਂ ਵਿਚ ਹਿਰਣਯਕੱਸ਼ਪ ਅਤੇ ਉਸ ਦੇ ਪੁੱਤਰ ਪ੍ਰਹਿਲਾਦ ਨਾਲ ਸੰਬੰਧਿਤ ਇਕ ਕਥਾ ਹੈ। ਭਗਤ ਸਾਹਿਬਾਨ ਅਤੇ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਇਸ ਕਥਾ ਦਾ ਵਰਣਨ ਕਈ ਥਾਵਾਂ 'ਤੇ ਕੀਤਾ ਹੈ। ਏਨਾ ਫ਼ਰਕ ਜ਼ਰੂਰ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਹਿਰਣਯਕੱਸ਼ਪ ਦੀ ਥਾਂ ਹਰਨਾਖਸ਼ ਨਾਂ ਦੀ ਵਰਤੋਂ ਕੀਤੀ ਗਈ ਹੈ। ਹਰਨਾਖਸ਼ ਜਾਂ ਹਿਰਣਾਯਕੱਸ਼ਪ ਦੋ ਜੌੜੇ ਭਰਾ ਸਨ।

ਇਸ ਪੌਰਾਣਿਕ ਕਥਾ ਅਨੁਸਾਰ ਪ੍ਰਹਿਲਾਦ ਪ੍ਰਭੂ ਦਾ ਇਕ ਭਗਤ ਸੀ। ਬਚਪਨ ਵਿਚ ਹੀ ਪ੍ਰਭੂ ਦਾ ਨਾਮ ਉਸ ਦੇ ਮਨ ਵਿਚ ਤੇ ਜੀਭ 'ਤੇ ਹਰ ਵੇਲੇ ਰਹਿੰਦਾ ਸੀ। ਉਸ ਦਾ ਪਿਉ ਬਹੁਤ ਸ਼ਕਤੀਸ਼ਾਲੀ ਸੀ ਅਤੇ ਮੌਤ ਤੋਂ ਬਚਣ ਦੇ ਕਈ ਵਰ ਪ੍ਰਾਪਤ ਕਰ ਚੁੱਕਾ ਸੀ। ਉਹ ਚਾਹੁੰਦਾ ਸੀ ਕਿ ਪ੍ਰਹਿਲਾਦ ਉਸ ਦਾ ਨਾਂ ਹੀ ਜਪੇ। ਪ੍ਰਭੂ ਦਾ ਨਾਮ ਜਪਣਾ ਉਸ ਨੂੰ ਪ੍ਰਵਾਨ ਨਹੀਂ ਸੀ। ਉਸ ਨੇ ਪ੍ਰਹਿਲਾਦ ਨੂੰ ਕਈ ਤਰ੍ਹਾਂ ਨਾਲ ਤਸੀਹੇ ਦੇਣ ਅਤੇ ਮਾਰਨ ਦੀ ਕੋਸ਼ਿਸ਼ ਕੀਤੀ, ਪਰ ਪ੍ਰਹਿਲਾਦ ਭਗਤ, ਪ੍ਰਭੂ ਦੀ ਭਗਤੀ ਸਦਕਾ ਹਰ ਵਾਰ ਸਲਾਮਤ ਰਿਹਾ। ਆਖ਼ਰਕਾਰ ਪ੍ਰਹਿਲਾਦ ਭਗਤ ਦੀ ਭੂਆ ਢੁੰਢਾ (ਹੋਲਿਕਾ) ਵੀ ਅੱਗ ਦੁਆਰਾ ਨਾ ਸੜਨ ਦੇ ਵਰ ਦੇ ਬਾਵਜੂਦ ਖ਼ਤਮ ਹੋ ਗਈ, ਪਰ ਪ੍ਰਹਿਲਾਦ ਨੂੰ ਕੁਝ ਨਾ ਹੋਇਆ।

ਗੁਰੂ ਰਾਮਦਾਸ ਜੀ ਆਪਣੀ ਬਾਣੀ ਵਿਚ ਇਸ ਕਥਾ ਨੂੰ ਸੰਕੇਤਕ ਰੂਪ ਵਿਚ ਬਿਆਨ ਕਰਦੇ ਹੋਏ ਸਿੱਟਾ ਕੱਢਦੇ ਹਨ –

***ਹਰਿ ਜੁਗੁ ਜੁਗੁ ਭਗਤ ਉਪਾਇਆ,***
***ਪੈਜ ਰਖਦਾ ਆਇਆ ਰਾਮ ਰਾਜੇ॥***
***ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ॥*** ***ਅੰਗ – 451***

ਗੁਰੂ ਅਮਰਦਾਸ ਜੀ ਦਾ ਵੀ ਇਸ ਕਥਾ ਸੰਬੰਧੀ ਪਵਿੱਤਰ ਫ਼ੁਰਮਾਨ ਹੈ –

***ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ,***
***ਧੁਰਿ ਤੂ ਰਖਦਾ ਆਇਆ॥***
***ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ,***
***ਹਰਣਾਖਸੁ ਮਾਰਿ ਪਚਾਇਆ॥*** ***ਅੰਗ – 637***

ਭਗਤ ਪ੍ਰਹਿਲਾਦ ਨਾਲ ਸੰਬੰਧਤ ਇਹ ਕਥਾ ਸਾਨੂੰ ਕੁਝ ਸਿਧਾਂਤਾਂ ਦੀ ਸਿੱਖਿਆ ਦਿੰਦੀ ਹੈ, ਜੋ ਮੁੱਖ ਤੌਰ ਤੇ ਇਹ ਹਨ –

1. ਅਕਾਲ ਪੁਰਖ ਤੋਂ ਬਿਨਾਂ ਹੋਰ ਕੋਈ ਵੀ ਹਸਤੀ ਮੌਤ ਤੋਂ ਰਹਿਤ ਨਹੀਂ ਹੈ। ਹਰਨਾਖਸ਼, ਹਿਰਣਾਯਕੱਸ਼ਪ, ਹੋਲਿਕਾ ਆਦਿ ਸ਼ਕਤੀਆਂ ਜਾਂ ਵਰ ਪ੍ਰਾਪਤ ਕਰਨ ਦੇ ਬਾਵਜੂਦ ਵੀ ਮੌਤ ਤੋਂ ਨਹੀਂ ਬਚ ਸਕੇ।

2. ਅਕਾਲ ਪੁਰਖ ਸਦਾ ਆਪਣੇ ਭਗਤਾਂ ਦੀ ਪੈਜ ਰੱਖਦਾ ਹੈ। ਪ੍ਰਹਿਲਾਦ ਭਗਤ ਦੀ ਪੈਜ ਉਸ ਨੇ ਆਪਣੇ ਇਸ ਗੁਣ ਸਦਕਾ ਹੀ ਰੱਖੀ।

3. ਭਗਤੀ ਅਤੇ ਸੱਚ ਦੇ ਰਸਤੇ 'ਤੇ ਤੁਰਨ ਲਈ ਦ੍ਰਿੜ੍ਹਤਾ, ਦਲੇਰੀ ਅਤੇ ਅਟੱਲ ਵਿਸ਼ਵਾਸ ਦੀ ਜ਼ਰੂਰਤ ਹੈ। ਇਸ ਰਸਤੇ 'ਤੇ ਤੁਰਨ ਵਾਲਿਆਂ ਨੂੰ ਡਰ, ਲਾਲਚ ਅਤੇ ਦੁੱਖ ਨਹੀਂ ਰੋਕ ਸਕਦੇ।

ਭਗਤ ਪ੍ਰਹਿਲਾਦ ਨੇ ਆਪਣੀ ਦ੍ਰਿੜ੍ਹ ਭਗਤੀ ਰਾਹੀਂ ਬੜੀ ਦਲੇਰੀ ਨਾਲ ਮੁਸੀਬਤਾਂ ਦਾ ਸਾਹਮਣਾ ਕੀਤਾ, ਪਰ ਭਗਤੀ ਦੇ ਰਸਤੇ 'ਤੇ ਚੱਲਣ ਵਿਚ ਕੋਈ ਰੁਕਾਵਟ ਮਨਜ਼ੂਰ ਨਹੀਂ ਕੀਤੀ। ਇਸੇ ਦ੍ਰਿੜ੍ਹਤਾ ਅਤੇ ਅਟੱਲ ਵਿਸ਼ਵਾਸ ਨੂੰ ਇਕ ਆਦਰਸ਼ ਮੰਨਦੇ ਹੋਏ ਭਗਤ ਕਬੀਰ ਜੀ ਨੇ ਫ਼ਰਮਾਇਆ –

***ਰਾਮ ਜਪਉ ਜੀਅ ਐਸੇ ਐਸੇ॥***
***ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ॥*** ***ਅੰਗ – 337***

ਇਹ ਇਕ ਸਤਿਕਾਰ ਹੈ, ਜੋ ਭਗਤ ਕਬੀਰ ਜੀ ਨੇ ਪ੍ਰਹਿਲਾਦ ਅਤੇ ਧ੍ਰੂ ਭਗਤ ਨੂੰ ਦਿੱਤਾ ਹੈ। ਕਿੰਨੀ ਵੱਡੀ ਗੱਲ ਹੈ ਕਿ ਜੇ ਪ੍ਰਭੂ ਦਾ ਨਾਮ ਜਪਣਾ ਹੈ ਤਾਂ ਉਸ ਤਰ੍ਹਾਂ ਜਪੋ ਜਿਵੇਂ ਕਿ ਧ੍ਰੂ ਅਤੇ ਪ੍ਰਹਿਲਾਦ ਨੇ

ਜਪਿਆ ਸੀ। ਕਿਸੇ ਸ਼ਖ਼ਸੀਅਤ ਦਾ ਆਦਰਸ਼ ਬਣ ਜਾਣਾ, ਉਦਾਹਰਣ ਬਣ ਜਾਣਾ ਜਾਂ ਮਾਡਲ ਬਣ ਜਾਣਾ, ਦੂਜੇ ਅਰਥਾਂ ਵਿਚ ਇਕ ਇਤਿਹਾਸ ਬਣ ਜਾਣਾ ਹੀ ਤਾਂ ਹੈ।

ਹੋਲੀ ਦੇ ਤਿਉਹਾਰ ਦਾ ਆਧਾਰ ਕਿੰਨਾ ਪਵਿੱਤਰ ਤੇ ਕਿੰਨਾ ਵੱਡਾ ਹੈ। ਇਸ ਤਿਉਹਾਰ ਨੂੰ 'ਰੰਗਾਂ ਦਾ ਤਿਉਹਾਰ' ਵੀ ਕਿਹਾ ਜਾਂਦਾ ਹੈ। ਰੰਗ ਪਾਉਣਾ ਜਾਂ ਰੰਗ ਡੋਲ੍ਹਣਾ ਖ਼ੁਸ਼ੀ ਪ੍ਰਗਟ ਕਰਨ ਦਾ ਪ੍ਰਤੀਕ ਮੰਨੇ ਜਾਂਦੇ ਹਨ। ਖ਼ੁਸ਼ੀ ਦਾ ਆਧਾਰ ਕੀ ਹੈ? ਖ਼ੁਸ਼ੀ ਦਾ ਆਧਾਰ ਇਹ ਹੈ ਕਿ ਭਗਤੀ ਅਤੇ ਸੱਚਾਈ ਦੀ ਜਿੱਤ ਹੋਈ ਹੈ ਅਤੇ ਦੁਸ਼ਟਾਂ ਦਾ ਖ਼ਾਤਮਾ ਹੋਇਆ ਹੈ। ਖ਼ੁਸ਼ੀ ਮਨਾਉਣ ਦਾ ਲਾਭ ਤਾਂ ਹੀ ਹੈ, ਜੇ ਮਨਾਉਣ ਵਾਲਿਆਂ ਦੇ ਮਨਾਂ ਵਿਚ ਭਗਤੀ ਅਤੇ ਸੱਚਾਈ ਦੇ ਗੁਣਾਂ ਦਾ ਪ੍ਰਵੇਸ਼ ਹੋਵੇ। ਹੋਲੀ ਵਾਲੇ ਦਿਨ ਸਭ ਤੋਂ ਪਹਿਲੀ ਗੱਲ ਤਾਂ ਭਗਤ ਪ੍ਰਹਿਲਾਦ ਨੂੰ ਅਤੇ ਪ੍ਰਭੂ ਨੂੰ ਯਾਦ ਕਰਨਾ ਹੀ ਹੋਣੀ ਚਾਹੀਦੀ ਹੈ।

ਗੁਰੂ ਸਾਹਿਬਾਨ ਨੇ ਰੰਗਾਂ ਨੂੰ ਪ੍ਰਤੀਕ ਵਜੋਂ ਖ਼ੂਬ ਵਰਤਿਆ ਹੈ। ਇਕ ਰੰਗ ਕਸੁੰਭੜੇ ਦਾ ਹੈ ਅਤੇ ਦੂਜਾ ਮਜੀਠ ਦਾ। ਕਸੁੰਭੜੇ ਦਾ ਰੰਗ ਵੇਖਣ ਨੂੰ ਲਾਲ ਸੂਹਾ ਹੈ, ਅੱਖਾਂ ਨੂੰ ਭਾਉਂਦਾ ਹੈ ਅਤੇ ਅੱਗ ਦੀ ਲਾਟ ਵਰਗਾ ਹੈ। ਪਰ ਇਸ ਵਿਚ ਕਮੀ ਇਹ ਹੈ ਕਿ ਇਹ ਛੇਤੀ ਹੀ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਉਤਰ ਜਾਂਦਾ ਹੈ। ਇਹ ਕੱਚਾ ਰੰਗ ਹੈ। ਗੁਰੂ ਸਾਹਿਬਾਨ ਇਸ ਰੰਗ ਨੂੰ ਮਾਇਆ ਦੇ ਰੰਗ ਵਜੋਂ ਬਿਆਨ ਕਰਦੇ ਹਨ। ਮਾਇਆ ਦੀ ਖਿੱਚ ਬਹੁਤ ਸੁਹਾਵਣੀ ਹੈ। ਮਜੀਠ ਵੇਲ ਦਾ ਰੰਗ ਵੀ ਲਾਲ ਹੈ, ਪਰ ਧੁੱਪ ਨਾਲ ਜਾਂ ਪਾਣੀ ਲੱਗਣ ਨਾਲ ਇਹ ਉਤਰਦਾ ਨਹੀਂ। ਇਹ ਪੱਕਾ ਰੰਗ ਹੈ। ਗੁਰੂ ਸਾਹਿਬਾਨ ਇਸ ਨੂੰ ਨਾਮ ਦਾ ਰੰਗ ਕਹਿੰਦੇ ਹਨ। ਹੁਣ ਜੇ ਰੰਗ ਚੁਣਨਾ ਹੀ ਹੈ ਤਾਂ ਕਿਉਂ ਨਾ ਮਜੀਠ ਦਾ ਰੰਗ ਵਰਤਿਆ ਜਾਵੇ? ਗੁਰਬਾਣੀ ਹੋਲੀ ਨੂੰ ਮਨਾਉਣ ਦਾ ਅਸਲ ਮਕਸਦ ਬਿਆਨ ਕਰਦੀ ਹੈ। ਭਗਤ ਲੋਕ ਕਿਵੇਂ ਹੋਲੀ ਮਨਾਉਂਦੇ ਹਨ? ਦਾ ਉੱਤਰ ਦਿੰਦੇ ਹੋਏ ਗੁਰੂ ਅਰਜਨ ਸਾਹਿਬ ਜੀ ਬਸੰਤ, ਫਾਗ ਅਤੇ ਹੋਲੀ ਤਿੰਨਾਂ ਸਬਦਾਂ ਦੀ ਵਰਤੋਂ ਕਰਦੇ ਹੋਏ ਫ਼ੁਰਮਾਉਂਦੇ ਹਨ –

***ਆਜੁ ਹਮਾਰੈ ਗ੍ਰਿਹਿ ਬਸੰਤ॥***
***ਗੁਨ ਗਾਏ ਪ੍ਰਭ ਤੁਮ ਬੇਅੰਤ॥ਰਹਾਉ॥***
***ਆਜੁ ਹਮਾਰੈ ਬਨੇ ਫਾਗ॥***
***ਪ੍ਰਭ ਸੰਗੀ ਮਿਲਿ ਖੇਲਨ ਲਾਗ॥***
***ਹੋਲੀ ਕੀਨੀ ਸੰਤ ਸੇਵ॥***
***ਰੰਗੁ ਲਾਗਾ ਅਤਿ ਲਾਲ ਦੇਵ॥***
***ਮਨੁ ਤਨੁ ਮਉਲਿਓ ਅਤਿ ਅਨੂਪ॥***
***ਸੂਕੈ ਨਾਹੀ ਛਾਵ ਧੂਪ॥***
***ਸਗਲੀ ਰੂਤੀ ਹਰਿਆ ਹੋਇ॥***
***ਸਦ ਬਸੰਤ ਗੁਰ ਮਿਲੇ ਦੇਵ॥ ਅੰਗ – 1180***

ਬਸੰਤ, ਫਾਗ ਜਾਂ ਹੋਲੀ ਕੁਝ ਵੀ ਹੋਵੇ, ਪ੍ਰਭੂ ਦੀ ਭਗਤੀ ਕਰ ਕੇ ਹੀ ਅਸਲ ਖ਼ੁਸ਼ੀ ਪ੍ਰਾਪਤ ਹੁੰਦੀ ਹੈ। ਸੋ, ਹੋਲੀ ਮਨਾਉਂਦਿਆਂ ਉਸ ਪ੍ਰਭੂ ਨੂੰ ਯਾਦ ਕੀਤਾ ਜਾਵੇ, ਜਿਸ ਦੀ ਮਿਹਰ ਸਦਕਾ ਇਹ ਸਾਰੀ ਖ਼ੁਸ਼ੀ ਪ੍ਰਾਪਤ ਹੋਈ ਹੈ। ਪਰ ਹੁੰਦਾ ਕੀ ਸੀ? ਅਤੇ ਹੋ ਕੀ ਰਿਹਾ ਹੈ? ਹੋਲੀ ਮਨਾਉਣ ਲਈ ਗੰਦਾ ਪਾਣੀ ਅਤੇ ਚਿੱਕੜ ਤਕ ਪਾਉਣ ਦੀਆਂ ਕੋਝੀਆਂ ਅਸੱਭਯ ਰਵਾਇਤਾਂ ਜਾਰੀ ਹਨ। ਨੌਜੁਆਨ ਮੁੰਡੇ-ਕੁੜੀਆਂ ਇਸ ਤਿਉਹਾਰ ਨੂੰ ਮਨੋਰੰਜਨ ਅਤੇ ਛੇੜਖਾਨੀ ਦਾ ਵਧੀਆ ਸਾਧਨ ਸਮਝਦੇ ਹਨ। ਟੋਲਿਆਂ ਦੇ ਟੋਲੇ ਸਕੂਟਰਾਂ ਨੂੰ ਭਜਾਉਂਦੇ, ਇਧਰ-ਉਧਰ ਰੌਲਾ ਪਾਉਂਦੇ ਹੋਏ, ਆਮ ਲੋਕਾਂ ਲਈ ਕਈ ਤਰ੍ਹਾਂ ਦੀਆਂ ਮੁਸੀਬਤਾਂ ਤਾ ਕਾਰਨ ਬਣਦੇ ਹਨ। ਹੋਲੀ ਦੇ ਮੌਕੇ 'ਤੇ ਲੜਾਈ, ਦੰਗੇ ਅਤੇ ਝਗੜੇ, ਫ਼ਸਾਦ ਆਮ ਵੇਖਣ ਨੂੰ ਮਿਲਦੇ ਹਨ। ਕਈ ਪਰਾਂਤਾਂ ਵਿਚ ਹੋਲੀ ਦੇ ਤਿਉਹਾਰ ਮੌਕੇ ਕਾਮੁਕ-ਪ੍ਰਵਿਰਤੀਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਅਤੇ ਨਜਾਇਜ਼ ਗੱਲਾਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ। ਜਿਸ ਢੰਗ ਨਾਲ ਹੋਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ ਅਤੇ ਖ਼ਤਰਨਾਕ ਰੰਗਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਹ ਸਾਰਾ ਕੁਝ ਸਿਹਤ ਅਤੇ ਆਲੇ-ਦੁਆਲੇ ਵਾਤਾਵਰਣ ਲਈ ਬਹੁਤ ਹਾਨੀਕਾਰਕ ਹੈ। ਖ਼ਤਰਨਾਕ ਰੰਗਾਂ ਕਰਕੇ ਕਈਆਂ ਦੀਆਂ ਅੱਖਾਂ ਦਾ ਨੁਕਸਾਨ ਹੋ ਜਾਂਦਾ ਹੈ। ਬੇਹੂਦਾ ਸ਼ੋਰ ਅਤੇ ਧੂਮ-ਧੜੱਕਾ ਸ਼ਾਂਤੀ ਨੂੰ ਭੰਗ ਕਰਦਾ ਹੈ ਅਤੇ ਸ਼ੋਰ ਪ੍ਰਦੂਸ਼ਨ ਵਿਚ ਭਾਰੀ ਵਾਧਾ ਕਰਦਾ ਹੈ। ਅਸ਼ਲੀਲ ਵਿਵਹਾਰ ਇਸ ਮੌਕੇ ਸਮਾਜ ਵਿਚ ਸਭਿਆਚਾਰਕ ਪ੍ਰਦੂਸ਼ਨ ਫੈਲਾਉਂਦਾ ਹੈ ਅਤੇ ਇਹ ਤਿਉਹਾਰ ਆਪਣੇ ਪਿੱਛੇ ਹਰ ਸਾਲ ਕਈ ਤਰ੍ਹਾਂ ਦੀਆਂ ਕੌੜੀਆਂ ਯਾਦਾਂ ਛੱਡ ਜਾਂਦਾ ਹੈ। ਹੋਲੀ ਮਨਾਉਣ ਵਾਲੇ ਲੱਖਾਂ ਲੋਕਾਂ ਵਿੱਚੋਂ ਕੋਈ ਵਿਰਲਾ ਹੀ ਇਸ ਪ੍ਰਸ਼ਨ ਦਾ ਉੱਤਰ ਦੇ ਸਕਦਾ ਹੈ ਕਿ ਹੋਲੀ ਕਿਉਂ ਮਨਾਈ ਜਾਂਦੀ ਹੈ? ਕੋਈ ਵਿਰਲਾ ਹੀ ਭਗਤ ਪ੍ਰਹਿਲਾਦ ਦੀ ਮਹੱਤਤਾ ਨੂੰ ਜਾਣਦਾ ਹੈ। ਕੋਈ ਵਿਰਲਾ ਹੀ ਇਸ ਦਿਨ ਭਗਤ ਪ੍ਰਹਿਲਾਦ ਨੂੰ ਯਾਦ ਕਰਦਾ ਹੈ।

ਕੁਝ ਅਜਿਹੇ ਹੀ ਹਾਲਾਤ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਜ਼ਰੂਰ ਰਹੇ ਹੋਣਗੇ। ਆਪ ਜੀ ਨੇ ਲੋਕਾਂ ਨੂੰ ਗ਼ਲਤ ਤਰੀਕੇ ਨਾਲ ਹੋਲੀ ਦੀ ਖ਼ੁਸ਼ੀ ਮਨਾਉਂਦਿਆਂ ਜ਼ਰੂਰ ਦੇਖਿਆ ਹੋਵੇਗਾ। ਦਿਨ ਦੀ ਅਸਲ ਮਹੱਤਤਾ ਨੂੰ ਭੁੱਲ ਕੇ ਲੋਕ, ਉਦੋਂ ਵੀ ਇਕ ਦੂਜੇ 'ਤੇ ਰੰਗ ਡੋਲ੍ਹਣ ਅਤੇ

ਇਕ ਦੂਜੇ ਨਾਲ ਛੇੜ-ਛਾੜ ਤਕ ਹੀ ਸੀਮਿਤ ਰਹੇ ਹੋਣਗੇ। ਇਸ ਸਾਰੇ ਕੁਝ ਨੂੰ ਦੇਖਦੇ ਹੋਏ ਹੀ ਦਸਮੇਸ਼ ਪਿਤਾ ਜੀ ਨੇ ਹੋਲੀ ਨੂੰ ਹੋਲਾ ਮਹੱਲਾ ਦੇ ਰੂਪ ਵਿਚ ਮਨਾਉਣ ਦਾ ਫ਼ੈਸਲਾ ਕੀਤਾ ਹੋਵੇਗਾ। ਹੋਲੀ ਤੋਂ ਅਗਲੇ ਦਿਨ ਹੀ ਅਨੰਦਪੁਰ ਸਾਹਿਬ ਵਿਖੇ ਗੁਰੂ ਜੀ ਨੇ ਹੋਲਾ ਮਹੱਲਾ ਮਨਾਉਣ ਦਾ ਸੱਦਾ ਦਿੱਤਾ। ਕਥਾ-ਕੀਰਤਨ ਰਾਹੀਂ ਪ੍ਰਭੂ ਭਗਤੀ ਦਾ ਸੰਦੇਸ਼ ਸੰਗਤਾਂ ਨੂੰ ਦਿੱਤਾ ਗਿਆ। ਇਸ ਉਪਰੰਤ ਮਸਨੂਈ ਲੜਾਈ ਦਾ ਨਜ਼ਾਰਾ ਲੋਕਾਂ ਸਾਹਮਣੇ ਰੱਖਿਆ ਗਿਆ। ਇਸ ਦਿਨ ਹੋਰ ਖੇਡਾਂ, ਸ਼ਸਤਰ ਵਿੱਦਿਆ, ਗਤਕਾ ਆਦਿ ਨੂੰ ਵੀ ਉਤਸ਼ਾਹਿਤ ਕੀਤਾ ਗਿਆ। ਇਸ ਸਾਰੇ ਕੁਝ ਦਾ ਮੰਤਵ ਇਹ ਸੀ ਕਿ ਸਿੱਖਾਂ ਨੂੰ ਸਰੀਰਕ, ਮਾਨਸਕ ਅਤੇ ਆਤਮਕ - ਤਿੰਨਾਂ ਪੱਖਾਂ ਤੋਂ ਮਜ਼ਬੂਤ ਬਣਾਇਆ ਜਾਵੇ। ਭਗਤੀ ਅਤੇ ਸੱਚਾਈ ਦੇ ਰਸਤੇ 'ਤੇ ਤੁਰਨ ਲਈ ਇਨ੍ਹਾਂ ਤਿੰਨਾਂ ਪੱਖਾਂ ਦੀ ਮਜ਼ਬੂਤੀ ਜ਼ਰੂਰੀ ਸੀ। ਲੰਗਰ ਅਤੇ ਕੜਾਹ ਪ੍ਰਸਾਦ ਦੀਆਂ ਦੇਗਾਂ ਦੇ ਗੱਫ਼ੇ, ਹੋਲਾ ਮਹੱਲਾ ਦੇ ਤਿਉਹਾਰ ਦੀ ਖੁਸ਼ੀ ਤੇ ਪਵਿੱਤਰਤਾ ਨੂੰ ਵਧਾਉਣ ਵਿਚ ਵਾਧਾ ਕਰਨ ਵਾਲੇ ਸਨ।

ਇਸ ਤਿਉਹਾਰ ਨੂੰ ਸ਼ੁਰੂ ਕਰਨ ਅਤੇ ਮਨਾਉਣ ਦਾ ਇੱਕੋ ਇਕ ਮੰਤਵ ਸੀ ਕਿ ਗੁਰਬਾਣੀ ਦੀ ਰੌਸ਼ਨੀ ਵਿਚ ਲੋਕਾਂ ਨੂੰ ਕੱਚੇ ਰੰਗਾਂ (ਮਨਮੁਖੀ ਕਰਮਾਂ ਤੇ ਪ੍ਰਭਾਵਾਂ) ਤੋਂ ਬਚਾ ਕੇ, ਪੱਕੇ ਰੰਗਾਂ ਨਾਲ ਜੋੜਿਆ ਜਾਵੇ ਅਤੇ ਲੋਕਾਂ ਵਿਚ ਦਲੇਰੀ, ਦ੍ਰਿੜ੍ਹਤਾ, ਅਟੱਲ-ਵਿਸ਼ਵਾਸ ਪੈਦਾ ਕੀਤੇ ਜਾਣ। ਅੱਜ ਦੇ ਸਮੇਂ ਵਿਚ ਹੋਲੀ ਤੇ ਹੋਲੇ ਮਹੱਲੇ ਦੀ ਤਬਦੀਲੀ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ, ਤਾਂ ਹੀ ਅਸੀਂ ਹੋਲੀ ਵਾਲੇ ਦਿਨ ਫੈਲਾਏ ਜਾ ਰਹੇ ਸ਼ੋਰ, ਰੰਗਾਂ, ਚਿੱਕੜ ਅਤੇ ਅਸ਼ਲੀਲਤਾ ਦੇ ਪ੍ਰਦੂਸ਼ਨ ਤੋਂ ਸਮਾਜ ਨੂੰ ਬਚਾ ਕੇ ਰੱਖ ਸਕਦੇ ਹਾਂ।

---

***(ਪੰਨਾ 25 ਦੀ ਬਾਕੀ)***

ਕੰਘਾ ਪ੍ਰਾਪਤ ਕਰਕੇ ਆਪਣੀ ਖ਼ੁਸ਼ੀ ਦਾ ਇਜ਼ਹਾਰ ਕੀਤਾ। ਅੱਜ ਤੇਜ਼ੀ ਨਾਲ ਮਸ਼ੀਨੀਕਰਨ ਅਤੇ ਸਨਅਤੀਕਰਨ ਵੱਲ ਵਧ ਰਹੇ ਕੰਪਿਊਟਰ ਯੁੱਗ ਵਿਚ ਵੀ ਅਨੰਦਪੁਰ ਸਾਹਿਬ ਦੀ ਤਰ੍ਹਾਂ ਇਥੇ ਵੀ ਹੋਲੇ ਮਹੱਲੇ ਦੀ ਰੌਣਕ ਵੇਖਣਯੋਗ ਹੁੰਦੀ ਹੈ।

ਪਾਉਂਟਾ ਸਾਹਿਬ ਦੀ ਪਵਿੱਤਰ ਧਰਤੀ ਹਿਮਾਚਲ, ਹਰਿਆਣਾ, ਪੰਜਾਬ, ਦਿੱਲੀ, ਉਤਰਾਂਚਲ ਖ਼ਾਸ ਕਰਕੇ ਦੂਨ ਅਤੇ ਤਰਾਈ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਲਈ ਵਿਸ਼ੇਸ਼ ਖਿੱਚ ਰੱਖਦੀ ਹੈ। ਲੱਖਾਂ ਸੰਗਤਾਂ ਹੋਲੇ ਮਹੱਲੇ ਦੇ ਪਾਵਨ ਅਵਸਰ 'ਤੇ ਇਸ ਧਰਤੀ ਨੂੰ ਪ੍ਰਣਾਮ ਕਰਦੀਆਂ ਹਨ। ਸੰਗਤਾਂ ਕਾਫ਼ਲਿਆਂ ਦੇ ਰੂਪ ਵਿਚ ਪਿੰਡਾਂ ਤੇ ਸ਼ਹਿਰਾਂ ਤੋਂ ਪਾਉਂਟਾ ਸਾਹਿਬ ਪੁੱਜਦੀਆਂ ਹਨ। ਇਹ ਮੇਲਾ ਪਹਾੜੀ ਤੇ ਪੰਜਾਬੀ ਸੱਭਿਆਚਾਰ ਦਾ ਇਕ ਸੁੰਦਰ ਸੁਮੇਲ ਬਣ ਜਾਂਦਾ ਹੈ, ਜੋ ਲਗਾਤਾਰ ਚਾਰ ਦਿਨ ਚੱਲਦਾ ਹੈ। ਦੀਵਾਨ ਸਜਦੇ ਹਨ। ਇਨ੍ਹਾਂ ਦੀਵਾਨਾਂ ਵਿਚ ਕਵੀ ਦਰਬਾਰ, ਕੀਰਤਨ ਦਰਬਾਰ, ਕਥਾ-ਦਰਬਾਰਾਂ ਵਿਚ ਗੁਰੂ-ਘਰ ਦੇ ਕੀਰਤਨੀਏ, ਕਥਾਕਾਰਾਂ, ਕਵੀਆਂ, ਢਾਡੀਆਂ ਅਤੇ ਕਵੀਸ਼ਰਾਂ ਨੂੰ ਸੁਣਨ ਲਈ ਲੱਖਾਂ ਸੰਗਤਾਂ ਪੁੱਜਦੀਆਂ ਹਨ। ਮੇਲੇ ਦੇ ਆਖ਼ਰੀ ਤੇ ਚੌਥੇ ਦਿਨ ਹਿਮਾਚਲ ਦੇ ਪਹਾੜੀ ਲੋਕ ਆਪਣੇ ਰਵਾਇਤੀ ਪਹਿਰਾਵੇ ਵਿਚ ਕਲਗ਼ੀਧਰ ਪਾਤਸ਼ਾਹ ਨੂੰ ਪ੍ਰਣਾਮ ਕਰਨ ਲਈ ਪਹੁੰਚਦੇ ਹਨ। ਮੇਲੇ ਨੂੰ ਜਾਣ ਵਾਲੇ ਸਾਰੇ ਰਸਤੇ ਸੰਗਤਾਂ ਦੇ ਕਾਫ਼ਲਿਆਂ ਨਾਲ ਭਰੇ ਨਜ਼ਰ ਆਉਂਦੇ ਹਨ। ਹਿਮਾਚਲ, ਹਰਿਆਣਾ ਅਤੇ ਉਤਰਾਂਚਲ ਦੀ ਸਰਹੱਦ 'ਤੇ ਵਸਿਆ ਪਾਉਂਟਾ ਸਾਹਿਬ ਸ਼ਹਿਰ ਜਗਮਗਾ ਉਠਦਾ ਹੈ।

ਜਮਨਾ ਦਰਿਆ ਦੇ ਕਿਨਾਰੇ ਬਣੀ ਗੁਰਦੁਆਰਾ ਪਾਉਂਟਾ ਸਾਹਿਬ ਦੀ ਆਲੀਸ਼ਾਨ ਸੰਗਮਰਮਰੀ ਇਮਾਰਤ ਸਿੱਖ ਇਤਿਹਾਸ ਨੂੰ ਆਪਣੇ-ਆਪ ਵਿਚ ਸਮੋਈ ਬੈਠੀ ਹੈ। ਇਸ ਅਸਥਾਨ ਉੱਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਸਮੇਤ ਸੁਸ਼ੋਭਿਤ ਰਹੇ। ਸਾਹਿਬਜ਼ਾਦਾ ਅਜੀਤ ਸਿੰਘ ਦਾ ਜਨਮ ਵੀ ਇਸੇ ਅਸਥਾਨ ਉੱਤੇ ਹੋਇਆ। ਸੈਂਕੜੇ ਵਰ੍ਹਿਆਂ ਤੋਂ ਘੋਰ ਤਪ ਕਰ ਰਹੇ ਗੁਰੂ ਨਾਨਕ ਦੇ ਦਸਵੀਂ ਜੋਤ ਦੇ ਦਰਸ਼ਨਾਂ ਦੀ ਤਾਂਘ ਵਿਚ ਬੈਠੇ ਕਾਲਪੀ ਰਿਸ਼ੀ ਨੂੰ ਗੁਰੂ ਸਾਹਿਬ ਨੇ ਪਾਲਕੀ ਭੇਜ ਕੇ ਆਪਣੇ ਪਾਸ ਬੁਲਾਇਆ ਸੀ।

ਪਾਉਂਟਾ ਸਾਹਿਬ ਦੇ ਪਾਵਨ ਅਸਥਾਨ ਲਈ ਸਾਰਾ ਸਾਲ ਲੱਖਾਂ ਸੰਗਤਾਂ ਪੁੱਜਦੀਆਂ ਹਨ, ਪਰ ਹੋਲੇ ਮਹੱਲੇ ਦੀ ਰੌਣਕ ਆਪਣੀ ਮਿਸਾਲ ਆਪ ਹੀ ਹੁੰਦੀ ਹੈ। ਚੰਡੀਗੜ੍ਹ ਤੋਂ 120 ਕਿਲੋਮੀਟਰ 'ਤੇ ਵਸਿਆ ਇਹ ਅਸਥਾਨ ਚੰਡੀਗੜ੍ਹ ਤੋਂ ਨਾਹਨ (ਹਿਮਾਚਲ), ਜਗਾਧਰੀ (ਹਰਿਆਣਾ) ਤੇ ਦੇਹਰਾਦੂਨ (ਉਤਰਾਂਚਲ) ਸਿੱਧੀਆਂ ਸੜਕਾਂ ਨਾਲ ਜੁੜਿਆ ਹੋਇਆ ਹੈ। ਸਿੱਖ ਸੰਗਤਾਂ ਲਈ ਹੋਲੇ ਮਹੱਲੇ ਦਾ ਜੋੜ-ਮੇਲਾ ਸਾਲ ਭਰ ਲਈ ਰੰਗੀਨ ਸੁਪਨੇ ਛੱਡ ਜਾਂਦਾ ਹੈ। ਇਸ ਪਾਵਨ ਧਰਤੀ ਨੂੰ ਸਮੁੱਚਾ ਸਿੱਖ ਜਗਤ ਨਤਮਸਤਕ ਹੈ।

# ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ

*(ਗਿਆਨੀ ਜੰਗ ਸਿੰਘ ਜੀ)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਰੇ ਸੰਸਾਰ ਨੂੰ ਪ੍ਰੇਮ ਦਾ ਸੰਦੇਸ਼ ਦਿੰਦੇ ਹੋਏ ਫੁਰਮਾਇਆ ਹੈ -

*ਸਾਚੁ ਕਹੋਂ ਸੁਨ ਲੇਹੁ ਸਭੈ*
*ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥੯॥*
***ਤ੍ਵਪ੍ਰਸਾਦਿ ਸਵੱਯੇ***

ਉਨ੍ਹਾਂ ਦਾ ਭਾਵ ਇਹ ਹੈ ਕਿ ਭਾਵੇਂ ਸੰਸਾਰ ਦੇ ਲੋਕ ਪ੍ਰਭੂ ਦੀ ਪ੍ਰਾਪਤੀ ਲਈ ਅਨੇਕ ਪ੍ਰਕਾਰ ਦੇ ਕਰਮ, ਧਰਮ, ਪੁੰਨ-ਦਾਨ, ਤੀਰਥ ਇਸ਼ਨਾਨ ਤੇ ਜਾਪ ਤਾਪ ਕਰਦੇ ਰਹੇ ਹਨ, ਅਤੇ ਕਰ ਰਹੇ ਹਨ, ਪ੍ਰੰਤੂ ਪ੍ਰਭੂ ਨੂੰ ਮਿਲਣ ਦਾ ਅਤਿ ਸੁਖੈਨ ਮਾਰਗ ਪ੍ਰਭੂ ਨੂੰ ਸੱਚੇ ਦਿਲੋਂ ਪਿਆਰ ਕਰਨਾ ਹੈ। ਗੋਬਿੰਦ ਭਾਉ ਭਗਤਿ ਦਾ ਭੁਖਾ ਹੈ। ਜਿਹੜੇ ਪ੍ਰਭੂ ਦੇ ਪਿਆਰੇ ਉਸ ਨਾਲ ਸੱਚੇ ਦਿਲੋਂ ਪਿਆਰ ਕਰਦੇ ਹਨ, ਉਨ੍ਹਾਂ ਨੂੰ ਉਹ ਉਸੇ ਤਰ੍ਹਾਂ ਚੁੱਕ ਕੇ ਗਲ ਨਾਲ ਲਾ ਲੈਂਦਾ ਹੈ ਜਿਵੇਂ ਮਾਤਾ ਆਪਣੇ ਨੰਨੇ ਜਿਹੇ ਬੱਚੇ ਨੂੰ ਚੁਕ ਕੇ ਛਾਤੀ ਨਾਲ ਲਾ ਲੈਂਦੀ ਹੈ। ਪ੍ਰੇਮ ਹੀ ਪ੍ਰਭੂ ਹੈ। ਪ੍ਰੇਮ ਹੀ ਜੀਵਨ ਹੈ। ਜਿਵੇਂ ਸਰੀਰ ਵਿਚੋਂ ਰੂਹ ਨਿਕਲ ਜਾਵੇ ਤਾਂ ਉਹ ਇਕ ਲਾਸ਼ ਹੀ ਰਹਿ ਜਾਂਦਾ ਹੈ, ਉਸੇ ਤਰ੍ਹਾਂ ਜੇ ਜਗਤ ਵਿਚੋਂ ਪ੍ਰੇਮ ਨੂੰ ਕੱਢ ਦੇਈਏ ਤਾਂ ਉਸ ਵਿਚੋਂ ਜੀਵਨ ਹੀ ਖ਼ਤਮ ਹੋ ਜਾਵੇਗਾ। ਪ੍ਰੇਮ ਹੀ ਉਤਪਤੀ ਕਰਦਾ ਹੈ, ਪ੍ਰੇਮ ਹੀ ਪਾਲਨਾ ਕਰਦਾ ਹੈ। ਜੇ ਮਾਤਾ ਪਿਤਾ ਦੇ ਹਿਰਦਿਆਂ ਵਿਚ ਪ੍ਰੇਮ ਨਾ ਹੋਵੇ ਤਾਂ ਉਹ ਬੱਚੇ ਪੈਦਾ ਹੀ ਨਹੀਂ ਕਰ ਸਕਦੇ ਅਤੇ ਜੇ ਉਨ੍ਹਾਂ ਦੇ ਦਿਲਾਂ ਵਿਚ ਪਿਆਰ ਨਾ ਹੋਵੇ ਤਾਂ ਉਹ ਬੱਚਿਆਂ ਦੀ ਸੁਚਾਰੂ ਢੰਗ ਨਾਲ ਪਾਲਨਾ ਨਹੀਂ ਕਰ ਸਕਦੇ।

ਪ੍ਰਭੂ ਨੂੰ ਆਪਣੇ ਬੱਚਿਆਂ (ਮਨੁੱਖਾਂ) ਨਾਲ ਕਿਤਨਾ ਪਿਆਰ ਹੈ, ਉਸ ਨੂੰ ਗੁਰਬਾਣੀ ਅੰਦਰ ਬਹੁਤ ਹੀ ਸੁੰਦਰ ਢੰਗ ਨਾਲ ਬਿਆਨ ਕੀਤਾ ਗਿਆ ਹੈ -

*ਪਿਤਾ ਕ੍ਰਿਪਾਲਿ ਆਗਿਆ ਇਹ ਦੀਨੀ*
*ਬਾਰਿਕੁ ਮੁਖਿ ਮਾਂਗੈ ਸੋ ਦੇਨਾ॥ ਅੰਗ - ੧੨੬੬*

ਪਿਤਾ ਪ੍ਰਮਾਤਮਾ ਨੇ ਸਾਰੀ ਸ੍ਰਿਸ਼ਟੀ ਨੂੰ ਇਹ ਹੁਕਮ ਦਿਤਾ ਕਿ ਜਿਸ ਬੱਚੇ ਨੂੰ ਮੈਂ ਸੰਸਾਰ ਵਿਚ ਭੇਜ ਰਿਹਾ ਹਾਂ, ਇਹ ਜੋ ਕੁਝ ਵੀ ਮੰਗੇ, ਇਸ ਨੂੰ ਦੇਣਾ। ਸਾਰੀ ਬਨਾਸਪਤੀ ਨੂੰ ਹੁਕਮ ਦਿਤਾ ਕਿ ਇਸ ਬਾਲਕ ਲਈ ਫਲ ਫੁਲ ਤੇ ਹਰੇਕ ਪ੍ਰਕਾਰ ਦੀਆਂ ਖਾਣ ਵਾਲੀਆਂ ਚੀਜ਼ਾਂ ਪੈਦਾ ਕੀਤੀਆਂ ਜਾਣ। ਧਰਤੀ ਵਿਚ ਅਨੇਕ ਪ੍ਰਕਾਰ ਦੀਆਂ ਉਪਜਾਊ ਸ਼ਕਤੀਆਂ ਪੈਦਾ ਕੀਤੀਆਂ ਗਈਆਂ। ਦਿਨ ਤੇ ਰਾਤ ਦੇ ਦਾਈ ਤੇ ਦਾਇਆ ਬਣਾਏ ਗਏ, ਜਿਨ੍ਹਾਂ ਦੀ ਗੋਦੀ ਵਿਚ ਇਹ ਬਾਲਕ ਸੁਖ ਨਾਲ ਖੇਡਦਾ ਹੈ। ਜਦੋਂ ਦਿਨ ਵੇਲੇ ਬਾਲਕ ਖੇਡ ਖੇਡ ਕੇ ਥਕ ਜਾਂਦਾ ਹੈ ਤਾਂ ਰਾਤ ਦਾਈ ਦੇ ਫ਼ਰਜ਼ ਅਦਾ ਕਰਦੀ ਹੋਈ ਇਸ ਨੂੰ ਆਪਣੀ ਗੋਦ ਵਿਚ ਮਿੱਠੀ ਨੀਂਦ ਸੁਆ ਦਿੰਦੀ ਹੈ। ਫੁਲਾਂ ਨੂੰ ਹੁਕਮ ਦਿਤਾ ਕਿ ਤੁਸੀਂ ਇਸ ਮੇਰੇ ਬੱਚੇ ਨੂੰ ਖੁਸ਼ਬੂ ਵੀ ਦਿਉ ਤੇ ਖਿੜਨਾ (ਸਦਾ ਖੁਸ਼ ਰਹਿਣਾ) ਵੀ ਸਿਖਾਓ। ਪੌਣ, ਪਾਣੀ, ਅਗਨੀ ਆਦਿਕ ਪੰਜਾਂ ਤੱਤਾਂ ਦੀ ਮਨੁੱਖ ਦੇ ਜ਼ਿੰਦਾ ਰਹਿਣ ਲਈ ਅਤਿਅੰਤ ਲੋੜ ਹੈ। ਉਸ ਕ੍ਰਿਪਾਲੂ ਪਿਤਾ ਨੇ ਇਹ ਚੀਜ਼ਾਂ ਇਤਨੀ ਬਹੁਲਤਾ ਵਿਚ ਬਣਾਈਆਂ ਹਨ ਕਿ ਇਹ ਬਿਨਾ ਕਿਸੇ ਮੁਲ ਦੇ ਹਰ ਥਾਂ ਤੇ ਹਰ ਸਮੇਂ ਪ੍ਰਾਪਤ ਹੋ ਸਕਦੀਆਂ ਹਨ। ਅਸਲ ਵਿਚ ਇਹ ਸਾਰਾ ਬ੍ਰਹਿਮੰਡ ਹੀ ਮਨੁੱਖ ਨੂੰ ਹਰ ਪ੍ਰਕਾਰ ਦੀਆਂ ਸੁਖ-ਸਹੂਲਤਾਂ ਦੇਣ ਲਈ ਪੈਦਾ ਕੀਤਾ ਗਿਆ ਹੈ। ਉਹ ਪਿਤਾ ਆਪਣੇ ਇਸ ਪੁੱਤਰ ਨੂੰ ਕਿਤਨਾ ਪਿਆਰ ਕਰਦਾ ਹੈ, ਇਹ ਉਸਦਾ ਪਰਤੱਖ ਪ੍ਰਮਣ ਹੈ ਕਿ ਉਸ ਨੇ ਕੋਈ ਚੀਜ਼ ਮਨੁਖ ਤੋਂ ਲੁਕਾ ਕੇ ਨਹੀਂ ਰਖੀ।

ਜਦੋਂ ਪਿਤਾ ਆਪਣੇ ਇਸ ਬੱਚੇ ਨਾਲ ਇਤਨਾ ਪਿਆਰ ਕਰਦਾ ਹੈ ਤਾਂ ਇਸ ਨੂੰ ਉਸ ਨਾਲ ਕਿਤਨਾ ਪਿਆਰ ਕਰਨਾ ਚਾਹੀਦਾ ਹੈ? ਜਦੋਂ ਇਸ ਗੱਲ ਤੇ ਵਿਚਾਰ ਕਰੀਏ ਤਾਂ ਪਤਾ ਲਗਦਾ ਹੈ ਕਿ ਇਹ ਬੱਚਾ ਬਹੁਤ ਹੀ ਅੰਕ੍ਰਿਤਘਣ ਬਣਦਾ ਜਾ ਰਿਹਾ ਹੈ। ਇਸ ਦੀ ਹਾਲਤ *'ਦਾਤਿ ਪਿਆਰੀ*

*ਵਿਸਰਿਆ ਦਾਤਾਰਾ'* ਵਾਲੀ ਹੋ ਗਈ ਹੈ। ਇਸ ਨੇ *'ਸਭੁ ਕਿਛੁ ਆਪਨਾ ਇਕੁ ਰਾਮੁ ਪਰਾਇਆ'* ਵਾਲੀ ਗਲਤ ਸੋਚ ਅਪਣਾਅ ਲਈ ਹੈ। ਭਾਵ, ਇਹ ਉਸ ਦਾਤਾਰ ਨੂੰ ਭੁਲਾ ਕੇ ਉਸ ਦੀਆਂ ਦਿਤੀਆਂ ਹੋਈਆਂ ਦਾਤਾਂ ਨਾਲ ਵਧੇਰੇ ਪਿਆਰ ਕਰਨ ਲਗ ਪਿਆ ਹੈ। ਉਸ ਦੇ ਦਿਤੇ ਹੋਏ ਧਨ ਪਦਾਰਥ ਨੂੰ ਤਾਂ ਜਫੇ ਮਾਰਦਾ ਫਿਰਦਾ ਹੈ, ਪਰ ਦੇਣਹਾਰ ਦਾਤਾਰ ਨੂੰ ਵਿਸਾਰ ਦਿੱਤਾ ਹੈ। ਉਸ ਦਾ ਧੰਨਵਾਦ ਕਰਨਾ ਵੀ ਭੁੱਲ ਗਿਆ ਹੈ। ਇਹ ਧਰਮ-ਮੰਦਰਾਂ ਵਿਚ ਜਾ ਕੇ ਹੋਰ ਮੰਗਦਾ ਹੈ, ਪਰ ਜੋ ਕੁਝ ਉਸ ਨੇ ਹੁਣ ਤਕ ਦਿੱਤਾ ਹੈ, ਉਸ ਦਾ ਸ਼ੁਕਰਾਨਾ ਨਹੀਂ ਕਰਦਾ। ਉਸ ਨੇ ਹੁਣ ਤਕ ਇਸ ਦੀਆਂ ਅਨੇਕ ਮੰਗਾਂ ਪੂਰੀਆਂ ਕੀਤੀਆਂ ਹਨ, ਪਰ ਇਹ ਹੋਰ ਹੋਰ ਮੰਗੀ ਜਾਂਦਾ ਹੈ। ਉਹ ਪਿਤਾ ਕਹਿੰਦਾ ਹੈ –

***ਫਰੀਦਾ ਜੇ ਤੂੰ ਮੇਰਾ ਹੋਇ ਰਹਹਿ***
***ਸਭੁ ਜਗੁ ਤੇਰਾ ਹੋਇ॥੯੫॥ ਅੰਗ – ੧੩੮੨***

ਭਾਵ, ਜੇ ਤੂੰ ਸਹੀ ਅਰਥਾਂ ਵਿਚ ਮੇਰਾ ਆਗਿਆਕਾਰ ਪੁੱਤਰ ਬਣ ਜਾਵੇ ਤਾਂ ਮੇਰੇ ਪਾਸ ਜੋ ਕੁਝ ਹੈ, ਉਹ ਸਭ ਕੁਝ ਤੇਰਾ ਹੋ ਜਾਵੇਗਾ। ਏਡੀ ਵਡੀ ਵਿਰਾਸਤ ਦਾ ਮਾਲਕ ਹੋ ਕੇ ਵੀ ਜੇ ਤੂੰ ਅਜੇ ਕੰਗਾਲਾਂ ਵਾਲੀ ਬਿਰਤੀ ਨਹੀਂ ਛੱਡੀ ਤਾਂ ਇਸ ਵਿਚ ਕਸੂਰ ਕਿਸ ਦਾ ਹੈ? ਕਸੂਰ ਤੇਰੇ ਉਸ ਅਗਿਆਨ ਦਾ ਹੈ ਜਿਸ ਦੇ ਕਾਰਨ ਤੈਨੂੰ ਇਹ ਸੋਝੀ ਵੀ ਪ੍ਰਾਪਤ ਨਹੀਂ ਹੋਈ ਕਿ ਤੂੰ ਕਿਸ ਦਾ ਪੁੱਤਰ ਹੈ ਅਤੇ ਤੇਰੇ ਬਾਪ ਦੇ ਭਰੇ ਹੋਏ ਸਭ ਭੰਡਾਰ ਵੀ ਤੇਰੀ ਵਿਰਾਸਤ ਹਨ।

ਇਤਨੀ ਵਡੀ ਭੁੱਲ ਇਹ ਮਨੁਖ ਕਿਉਂ ਕਰ ਰਿਹਾ ਹੈ? ਇਸਦਾ ਕਾਰਨ ਭਗਤ ਰਵਿਦਾਸ ਜੀ ਇਹ ਦਸਦੇ ਹਨ –

***ਨਰਪਤਿ ਏਕੁ ਸਿੰਘਾਸਨਿ ਸੋਇਆ***
***ਸੁਪਨੇ ਭਇਆ ਭਿਖਾਰੀ॥***
***ਅਛਤ ਰਾਜ ਬਿਛੁਰਤ ਦੁਖੁ ਪਾਇਆ***
***ਸੋ ਗਤਿ ਭਈ ਹਮਾਰੀ॥੨॥ ਅੰਗ – ੬੫੭-੫੮***

ਭਾਵ, ਭਰਮ ਤੇ ਅਗਿਆਨ ਦੇ ਕਾਰਨ ਮਨੁੱਖ ਇਸ ਹਕੀਕਤ ਨੂੰ ਭੁੱਲ ਗਿਆ ਹੈ ਕਿ ਇਹ ਉਸ ਪ੍ਰਮਾਤਮਾ ਦਾ ਸ਼ਹਿਜ਼ਾਦਾ ਹੈ, ਜੋ ਸਾਰੇ ਖੰਡਾਂ ਬ੍ਰਹਿਮੰਡਾਂ ਦਾ ਰਾਜਾ ਹੈ। ਜੇ ਇਸ ਉਤੇ ਗੁਰੂ ਦੀ ਕਿਰਪਾ ਹੋ ਜਾਵੇ ਤੇ ਉਹ ਇਸ ਦੇ ਭਰਮ ਦੇ ਛੌੜ ਕੱਟ ਕੇ ਇਸ ਨੂੰ ਇਹ ਗਿਆਨ ਦੇ ਦੇਵੇ ਕਿ ਇਸ ਦੇ ਵਿਚ 'ਤੇ ਇਸ ਦੇ ਪਿਤਾ ਪ੍ਰਮਾਤਮਾ ਵਿਚ ਕੋਈ ਭੇਦ ਨਹੀਂ ਤਾਂ ਇਹ ਭਰਮ-ਭੁਲੇਖਾ ਦੂਰ ਹੋਣ ਨਾਲ ਹੀ ਇਹ ਆਪਣੇ ਸੱਚੇ ਪਿਤਾ ਪ੍ਰਮਾਤਮਾ ਨਾਲ ਸੱਚਾ ਪਿਆਰ ਕਰ ਸਕਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਅਵਸਥਾ ਦਾ ਜ਼ਿਕਰ ਕਰਦੇ ਹੋਏ ਹੀ ਉਪਰੋਕਤ ਸੱਚਾਈ ਪ੍ਰਗਟ ਕੀਤੀ ਹੈ।

ਸੱਚੇ ਪਿਤਾ ਪ੍ਰਮਾਤਮਾ ਵਿਚ ਅਭੇਦ ਹੋਣ ਦਾ, ਉਸ ਦਾ ਰੂਪ ਹੀ ਹੋ ਜਾਣ ਦਾ ਸਹੀ ਮਾਰਗ ਉਸ ਨੂੰ ਸੱਚਾ ਪਿਆਰ ਕਰਨਾ ਹੈ। ਇਸ ਪ੍ਰਕਾਰ ਦਾ ਸੱਚਾ ਪਿਆਰ ਕੋਈ ਵੀ ਮਨੁੱਖ ਕਰ ਸਕਦਾ ਹੈ। ਕੋਈ ਵੀ ਧਰਮ ਇਸ ਪ੍ਰਕਾਰ ਦੇ ਪਿਆਰ ਕਰਨ ਦੀ ਮਨਾਹੀ ਨਹੀਂ ਕਰਦਾ, ਸਗੋਂ ਸਚਾਈ ਇਹ ਹੈ ਕਿ ਸਾਰੇ ਧਰਮ ਮਨੁਖ ਨੂੰ ਜਿਸ ਪ੍ਰਮਾਤਮਾ ਨਾਲੋਂ ਇਹ ਜੀਵ ਵਿਛੜਿਆ ਹੈ, ਉਸ ਨਾਲ ਮਿਲਣ ਦੀ ਪ੍ਰੇਰਨਾ ਕਰਦੇ ਹਨ। ਪਰ ਗੁਰੂ ਜੀ ਨੇ ਸਭ ਤੋਂ ਸੌਖਾ ਮਾਰਗ ਇਹ ਦੱਸਿਆ ਹੈ ਕਿ ਪ੍ਰਭੂ ਨਾਲ ਸੱਚਾ ਪਿਆਰ ਕਰੋ।ਪ੍ਰਭੂ ਨਾਲ ਸੱਚਾ ਪਿਆਰ ਕਰਨ ਦਾ ਸਹੀ ਢੰਗ ਇਹ ਹੈ ਕਿ ਸਾਰੀ ਮਨੁੱਖਤਾ ਨਾਲ ਪਿਆਰ ਕਰੋ। ਸਵੇਰ-ਸ਼ਾਮ ਸਰਬੱਤ ਦਾ ਭਲਾ ਮੰਗੋ ਬਾਬਾ ਫਰੀਦ ਜੀ ਦੇ ਸਲੋਕਾਂ ਵਿਚ ਪੰਜਵੇਂ ਸਤਿਗੁਰੂ ਜੀ ਦੇ ਇਸ ਕਥਨ ਉਤੇ ਅਮਲ ਕਰੋ –

***ਫਰੀਦਾ ਖਾਲਕੁ ਖਲਕ ਮਹਿ***
***ਖਲਕ ਵਸੈ ਰਬ ਮਾਹਿ॥***
***ਮੰਦਾ ਕਿਸ ਨੋ ਆਖੀਐ***
***ਜਾਂ ਤਿਸੁ ਬਿਨੁ ਕੋਈ ਨਾਹਿ॥੭੫॥ ਅੰਗ – ੧੩੮੧***

---

***(ਪੰਨਾ 26 ਦੀ ਬਾਕੀ)***

***ਸਿਮਰੈ ਏਕੁ ਨਾਮੁ, ਫਿਰਿ ਬਹੁੜਿ ਨ ਧਾਈ॥1॥***
***ਅੰਗ – 1193***

ਇਸ ਰੁੱਤ ਵਿਚ ਵਣ ਤ੍ਰਿਣ ਦੇ ਮਉਲਣ ਦੇ ਸੰਗ-ਸਾਥ ਜੀਵਾਂ ਦੇ ਮਨਾਂ ਅੰਦਰ ਮਉਲ ਰਹੀਆਂ ਤਰੰਗਾਂ ਨੂੰ ਸਿਰਜਣਹਾਰ ਨਾਲ ਜੋੜਿਆ ਅਤੇ ਖਿਨ-ਭੰਗਰੀ ਹੋਛੀ ਮਸਤੀ ਵਾਲੀ ਖੁਸ਼ੀ ਨੂੰ ਸਦੀਵੀ ਖੇੜੇ ਵਿਚ ਬਦਲ ਦਿੱਤਾ। ਇਸ ਤਰ੍ਹਾਂ ਵਿਗੜ ਰਹੀ ਮਨੁੱਖਤਾ ਨੂੰ ਸਦੀਵੀ ਰੰਗ ਬਖ਼ਸ਼ ਕੇ ਸੱਚੀ ਜੀਵਨ-ਜਾਚ ਸਿਖਾਈ –

***ਅਖੀ ਕੁਦਰਤਿ, ਕੰਨੀ ਬਾਣੀ,***
***ਮੁਖਿ ਆਖਣੁ ਸਚੁ ਨਾਮੁ॥***
***ਪਤਿ ਕਾ ਧਨੁ ਪੂਰਾ ਹੋਆ,***
***ਲਾਗਾ ਸਹਜਿ ਧਿਆਨੁ॥***
***ਮਾਹਾ ਰੁਤੀ ਆਵਣਾ,***
***ਵੇਖਹੁ ਕਰਮ ਕਮਾਇ॥***
***ਨਾਨਕ ਹਰੇ ਨ ਸੂਕਹੀ,***
***ਜਿ ਗੁਰਮੁਖਿ ਰਹੇ ਸਮਾਇ॥ ਅੰਗ – 1168***

# ਦਸਮ ਪਾਤਸ਼ਾਹ ਦੀ ਖੰਡੇ ਦੀ ਫ਼ਿਲਾਸਫ਼ੀ

*(ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)*

ਪਰਉਪਕਾਰ ਦਾ ਨਿਰਭੈ ਪਦ, ਨਾਮ ਮਹਾ ਰਸ ਦੀ ਕਮਾਈ ਦਾ ਸਿਖਰਲਾ ਡੰਡਾ ਹੈ। ਏਥੇ ਅੱਪੜ ਕੇ ਹੀ ਪੁਰਸ਼ ਪਰਉਪਕਾਰੀ ਹੋ ਸਕਦਾ ਹੈ। ਜਿਨ੍ਹਾਂ ਦੀ ਆਤਮ-ਬਿਰਤੀ ਭਜਨ ਬਾਣੀ ਦੇ ਪ੍ਰਤਾਪ ਨਾਲ ਦੇਹ-ਅਭਿਆਸ ਤੋਂ ਰਹਿਤ ਹੋ ਚੁੱਕੀ ਹੈ, ਜਿਨ੍ਹਾਂ ਦੇ ਜੀਵਨ ਆਤਮ-ਬਲ ਦੇ ਤਾਣ ਆਪੇ ਤੋਂ ਉੱਚੇ ਹੋ ਚੁੱਕੇ ਹਨ, ਜੋ ਨਾਮ ਰਸਾਇਣੀ ਨਸ਼ੇ ਨਾਲ ਖੀਵੇ ਹੋ ਕੇ ਦੇਹ ਤੋਂ ਬਦੇਹ ਚੁੱਕੇ ਹਨ, ਜਿਨ੍ਹਾਂ ਦੀ ਅਮਲੀ ਭਗਤੀ ਕਮਾਈ –

*ਕਬੀਰ ਤੂੰ ਤੂੰ ਕਰਤਾ ਤੂ ਹੂਆ*
*ਮੁਝ ਮਹਿ ਰਹਾ ਨ ਹੂੰ॥*
*ਜਬ ਆਪਾ ਪਰ ਕਾ ਮਿਟਿ ਗਇਆ*
*ਜਤ ਦੇਖਉ ਤਤ ਤੂ॥੨੦੪॥ ਅੰਗ - ੧੩੭੫*

ਦੇ ਵਾਕ ਵਾਲੇ ਭਾਵ ਦੇ ਟਿਕਾਣੇ ਤੇ ਪਹੁੰਚ ਚੁੱਕੀ ਹੈ, ਜਿਨ੍ਹਾਂ ਦੇ ਰਗ-ਰੇਸ਼ੇ ਅੰਦਰ ਚੜ੍ਹਦੀਆਂ ਕਲਾਂ ਵਾਲਾ ਬੀਰ ਰਸ ਹਰਦਮ ਠਾਠਾਂ ਮਾਰ ਉੱਠਦਾ ਹੈ, ਉਹੀ ਪੁਰਸ਼ ਪਰਉਪਕਾਰੀ ਬਣ ਸਕਦੇ ਹਨ। ਪਰ ਪਰਉਪਕਾਰ ਨਮਿੱਤ ਬੀਰ ਰਸ ਦੇ ਅੰਤਰ-ਆਤਮ ਹੋਣ ਤੋਂ ਭਾਵ ਇਹ ਹੈ ਕਿ ਸਾਹਮਣੇ ਦੀਨਾਂ ਦੁਖੀਆਂ ਪਰ ਜਬਰ ਹੋ ਰਿਹਾ ਹੋਵੇ, ਧਰਮ ਦੀ ਹਾਨੀ ਹੁੰਦੀ ਹੋਵੇ, ਅਨਿਆਉਂ ਅੱਤਿਆਚਾਰ ਹੋ ਰਿਹਾ ਹੋਵੇ, ਓਥੇ ਜਿਸ ਦੇ ਰਿਦੰਤਰ ਦੀਨ-ਰੱਖਿਆ ਤੇ ਧਰਮ-ਰੱਖਿਆ ਦੇ ਅਗੰਮੀ ਵਲਵਲੇ ਉੱਠਣ, ਪਰ ਵੈਰ ਵਿਰੋਧ ਤੇ ਕਰੋਧ ਅਹੰਕਾਰ ਦੀ ਅੰਸ ਮਾਤ੍ਰ ਭੀ ਇਨ੍ਹਾਂ ਵਲਵਲਿਆਂ ਵਿਚ ਨਾ ਹੋਵੇ, ਤੇ ਇਹ ਵਲਵਲੇ ਤਨ, ਮਨ, ਧਨ ਅਤੇ ਸਰਬੰਸ ਵਾਰ ਦੇਣ ਦਾ ਅਮਲੀ ਜਾਮਾ ਪਹਿਨਾਉਣ ਦੀ ਕਲਾ ਵਰਤਾ ਦੇਣ, ਤਾਂ ਜਾਣੀਐ ਕਿ ਬੀਰ ਰਸ ਵਾਲਾ ਪਰਉਪਕਾਰੀ ਜੀਵਨ ਉਤਪੰਨ ਹੋ ਗਿਆ ਹੈ। ਜਿਉਂ ਜਿਉਂ ਏਸ ਬੀਰ ਰਸ ਦੀ ਤਾਰ ਕਲਾ ਅੰਦਰ ਫਿਰਦੀ ਹੈ ਤਿਉਂ ਤਿਉਂ ਨਾਮ ਦਾ ਖੰਡਾ ਦੂਣ ਸਵਾਇਆ ਖੜਕਦਾ ਹੈ। ਅੰਦਰ ਇਹ ਨਾਮ ਦਾ ਖੰਡਾ ਖੜਕਦਾ ਹੋਵੇ ਅਤੇ ਬਾਹਰ ਨਿਜ ਭੁਜ ਬਲ ਤੋਂ ਦੁਸ਼ਟਾਂ ਸ਼ਤਰੂਆਂ ਨੂੰ ਦਮਨ ਕਰਨਹਾਰਾ ਸਰਬ ਲੋਹ ਦਾ ਖੜਗ ਖੰਡਾ ਖੜਕਦਾ ਹੋਵੇ ਤੇ ਅੰਦਰਲੀ ਤਾਰ ਨਿਮਖ ਮਾਤ੍ਰ ਵੀ ਨਾ ਟੁੱਟੇ, ਇਹ ਬੀਰ ਰਸ ਮਾਤੇ ਪਰਉਪਕਾਰੀ ਜੋਧੇ ਦੇ ਵਾਸਤਵੀ ਲੱਛਣ ਹਨ। ਏਸ ਅਵਸਥਾ ਪ੍ਰਥਾਇ ਸ੍ਰੀ ਦਸਮੇਸ਼ ਜੀ ਦਾ ਇਹ ਮੁਖਵਾਕ ਕਿਹਾ ਸੁੰਦਰ ਫਬਦਾ ਹੈ –

*ਧੰਨ ਜੀਓ ਤਿਹ ਕੋ ਜਗ ਮੈ*
*ਮੁਖ ਤੇ ਹਰਿ ਚਿੱਤ ਮੈ ਜੁਧੁ ਬਿਚਾਰੈ॥*
*ਦੇਹ ਅਨਿੱਤ ਨ ਨਿੱਤ ਰਹੈ*
*ਜਸੁ ਨਾਵ ਚੜੈ ਭਵਸਾਗਰ ਤਾਰੈ॥*
*ਧੀਰਜ ਧਾਮ ਬਨਾਇ ਇਹੈ ਤਨ*
*ਬੁਧਿ ਸੁ ਦੀਪਕ ਜਿਉ ਉਜੀਆਰੈ॥*
*ਗਯਾਨਹਿ ਕੀ ਬਢਨੀ ਮਨਹੁ ਹਾਥ*
*ਲੈ ਕਾਤਰਤਾ ਕੁਤਵਾਰ ਬੁਹਾਰੈ॥੨੪੯੨॥*

***ਦਸਮ ਗ੍ਰੰਥ, ਕ੍ਰਿਸ਼ਨਾ ਅਵਤਾਰ***

ਪਰਉਪਕਾਰੀ ਬੀਰ ਨੂੰ ਮਰਨ ਕਾਲ ਦਾ ਤ੍ਰਾਸ ਨਹੀਂ, ਮਰ ਮਿਟਣ ਦੀ ਪਰਵਾਹ ਨਹੀਂ। ਲੱਖਾਂ ਖੂਹਣੀਆਂ ਦੇ ਮੁਖ਼ਾਲਫ਼ ਲਸ਼ਕਰਾਂ ਦਾ ਭੈ ਨਹੀਂ। ਉਹ ਆਪ ਜੀਵਨ-ਮੁਕਤ ਹੈ ਤੇ ਜਿਨ੍ਹਾਂ ਨੂੰ ਤਲਵਾਰ ਦੇ ਘਾਟ ਪਾਰ ਉਤਾਰਦਾ ਹੈ, ਉਨ੍ਹਾਂ ਨੂੰ ਸ਼ਹੀਦੀ ਸ਼ਰਬਤ ਚਖਾਉਂਦਾ ਹੈ ਅਤੇ ਮੁਕਤ ਕਰਾਉਂਦਾ ਹੈ। ਓੜਕ ਆਪ ਭੀ ਸ਼ਹੀਦੀ ਮਰਤਬਾ ਪਾਉਂਦਾ ਹੈ। ਉਸ ਦੇ ਹੱਥੋਂ ਮਰਦਾ ਮਰਾਉਂਦਾ ਕੋਈ ਨਹੀਂ, ਬਲਕਿ ਹਰ ਕੋਈ ਉਸ ਦੀ ਸ੍ਰੀ ਸਾਹਿਬ ਦੀ ਭੇਟਾ ਹੋ ਕੇ ਅਮਰ ਪਦਵੀ ਪਾਉਂਦਾ ਹੈ। ਇਹੀ ਕਾਰਨ ਸੀ ਕਿ ਦੁਸ਼ਮਣ ਦੇ ਦਲ ਵਿਚੋਂ ਜਿਸ ਕਿਸੇ ਨੂੰ ਭੀ ਸ੍ਰੀ ਦਸਮੇਸ਼ ਜੀ ਦਾ ਤੀਰ ਵਿੰਨਦਾ ਸੀ ਉਸ ਨੂੰ ਸੁਆਦ ਆ ਜਾਂਦਾ ਸੀ, ਪੀੜ ਨਹੀਂ ਸੀ ਪ੍ਰਤੀਤ ਹੁੰਦੀ, ਸਗੋਂ ਵਾਹ ਵਾਹ ਕਰਦਾ ਹੋਇਆ ਅਮਰ ਅਨੰਦੀ ਹੋ ਜਾਂਦਾ ਸੀ, ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ।

**(ਬਾਕੀ ਪੰਨਾ 36 'ਤੇ)**

# ਕਾਬਲ ਵਾਲੀ ਮਾਈ

*[ਡੀ.ਐਸ.ਪੀ. ਭਾਈ ਦਵਿੰਦਰ ਸਿੰਘ ਜੀ]*

ਇਕ ਮਾਈ ਹਰ ਰੋਜ ਹੀ ਸਵੇਰੇ ਅੰਮ੍ਰਿਤ ਸਰੋਵਰ ਦੀ ਕਾਰ ਸੇਵਾ ਕਰਨ ਸ੍ਰੀ ਹਰਿਮੰਦਿਰ ਅੰਮ੍ਰਿਤਸਰ ਸਾਹਿਬ ਆਉਂਦੀ ਸੀ। ਸੇਵਾ ਕਰਦੇ ਕਰਦੇ ਕੁਝ ਸਮੇਂ ਆਪਣੇ ਹੱਥ ਉਤਾਹਾਂ ਕਰਕੇ ਹਲੂਣਾ ਦੇ ਦੇਂਦੀ। ਜਦ ਸੰਧਿਆ ਦਾ ਸਮਾਂ ਹੁੰਦਾ ਤਾਂ ਉਹ ਮਾਈ ਸੰਗਤ ਵਿਚੋਂ ਅਲੋਪ ਹੋ ਜਾਂਦੀ ਸੀ।

ਜਦ ਕੁਝ ਦਿਨ ਇਸ ਤਰ੍ਹਾਂ ਹੀ ਕਾਰ ਹੁੰਦੀ, ਕੁਝ ਸਿੱਖਾਂ ਨੇ ਇਸ ਮਾਈ ਦੇ ਹੱਥਾਂ ਨੂੰ ਉੂਪਰ ਹਲੂਣਾ ਦੇਂਦਿਆਂ ਦੇਖਿਆ, ਉਨ੍ਹਾਂ ਨੂੰ ਗੁਰੂ ਜੀ ਨੂੰ ਦੱਸਿਆ ਕਿ ਮਹਾਰਾਜ ਇਕ ਮਾਈ ਕਾਰ ਸੇਵਾ ਕਰਦੇ ਇਸ ਤਰ੍ਹਾਂ ਕਰਦੀ ਹੈ। ਗੁਰੂ ਜੀ ਨੇ ਸਾਰੀ ਸੰਗਤ ਦੇ ਸਾਹਮਣੇ ਉਸ ਮਾਈ ਨੂੰ ਬੁਲਾ ਕੇ ਪੁੱਛਿਆ। ਮਾਈ ਨੇ ਕਹਿਆ ਗੁਰੂ ਜੀ ਮੈਂ ਹਰ ਰੋਜ ਕਾਬਲ ਤੋਂ ਆਉਣ ਲੱਗੀ ਆਪਣੇ ਛੋਟੇ ਬੇਟੇ ਨੂੰ ਭੰਘੂੜੇ ਵਿਚ ਸੁਲਾ ਕੇ ਆਉਂਦੀ ਹਾਂ ਅਤੇ ਸਾਰਾ ਦਿਨ ਗੁਰੂ ਘਰ ਦੀਦਾਰ ਕਰਕੇ ਸੇਵਾ ਆਦਿ ਪਤੀਬ੍ਰਤਾ ਸੰਧਿਆ ਨੂੰ ਆਪਣੇ ਘਰ ਕਾਬਲ ਚਲੀ ਜਾਂਦੀ ਹਾਂ, ਜਿਹੜਾ ਮੈਂ ਕਾਰ ਸੇਵਾ ਕਰਨ ਸਮੇਂ ਹੱਥ ਉਤੇ ਨੂੰ ਮਾਰਦੀ ਹਾਂ, ਇਹ ਮੈਂ ਆਪਣੇ ਛੋਟੇ ਬੱਚੇ ਦੇ ਭੰਘੂੜੇ ਨੂੰ ਝੂਟਾ ਦੇਂਦੀ ਹਾਂ ਕਿ ਉਹ ਸੁੱਤਾ ਰਹੇ ਅਤੇ ਜਾਗ ਕੇ ਰੋਵੇ ਨਾ।

ਗੁਰੂ ਜੀ ਅੰਤਰਜਾਮੀ ਸਨ। ਇਹ ਕੌਤਕ ਸਾਰੀ ਸੰਗਤ ਜੀ ਦੇ ਸਾਹਮਣੇ ਮਾਈ ਨੇ ਦੱਸਿਆ ਗੁਰੂ ਜੀ ਨੇ ਸਾਰਿਆਂ ਦੀ ਤੱਸਲੀ ਕਰਾਈ ਫਿਰ ਗੁਰੂ ਜੀ ਨੇ ਪੁੱਛਿਆ ਕਿ ਤੂੰ ਕਾਬਲ ਨੂੰ ਕਿਸ ਤਰ੍ਹਾਂ ਚਲੀ ਜਾਂਦੀ ਹੈ ਤੇ ਕਿਸ ਤਰ੍ਹਾਂ ਜਾਂਦੀ ਹੈ? ਮਾਈ ਨੇ ਕਹਿਆ ਮੈਂ ਆਪਣੇ ਪਤੀਬ੍ਰਤਾ ਧਰਮ ਦੇ ਬਲ ਕਰਕੇ ਛਿਨ ਵਿਚ ਏਥੇ ਕਾਰ ਸੇਵਾ ਕਰਨ ਆ ਜਾਂਦੀ ਹਾਂ ਅਤੇ ਛਿਨ ਵਿਚ ਅੰਤਰ ਧਿਆਨ ਹੋ ਕੇ ਵਾਪਿਸ ਘਰ ਚਲੀ ਜਾਂਦੀ ਹਾਂ। ਗੁਰੂ ਜੀ ਨੇ ਸਿੱਖਾਂ ਨੂੰ ਕਹਿਆ ਕਿ ਪਤੀਬ੍ਰਤਾ ਧਰਮ ਵਿਚ ਬਹੁਤ ਸ਼ਕਤੀ ਹੈ। ਜੇ ਚਾਹਵੋ ਤਾਂ ਸਾਨੂੰ ਬਹੁਤ ਵੱਡੀ ਸਿਖਸ਼ਾ ਮਿਲਦੀ ਹੈ ਕਿ ਸਭਨਾਂ ਨੂੰ ਪਤੀਬ੍ਰਤਾ ਧਰਮ ਅਪਨਾਣਾ ਚਾਹੀਦਾ ਹੈ। ਬਹੁਤ ਹੀ ਭਿਆਨਕ ਸਮਾਂ ਹੈ, ਬਾਣੀ ਤੇ ਬਾਣੇ ਦੇ ਧਾਰਨੀ ਹੋਈਏ ਤਾਂ ਹੀ ਸਭਨਾਂ ਦਾ ਬਚਾਓ ਅਤੇ ਭਲਾ ਹੋਵੇਗਾ।

ਭੁੱਲ ਚੁੱਕ ਮਾਫ।

---

# ਹੋਲੀ ਦਾ ਫੁੱਲ

*[ਭਾਈ ਨੰਦ ਲਾਲ ਸਿੰਘ ਜੀ]*

ਹੋਲੀ ਦਾ ਫੁੱਲ ਜਗਤ ਬਾਗ ਵਿਚ,  
ਲਪਟਾਂ ਮਹਿਕਾਂ ਭਰਿਆ।  
ਕਲੀਆਂ ਵਰਗੇ ਬੁੱਲ੍ਹਾਂ ਨੂੰ ਜਿਸ,  
ਮਹਿਕਾਇਆ ਕਰ ਹਰਿਆ॥  
ਮੁਸ਼ਕੰਬਰ ਕਸਤੂਰੀ ਵਾਂਙਰ, ਖ਼ੁਸ਼ੀ ਗੁਲਾਬ ਮਨਾਈ।  
ਹਰ ਪਾਸੇ ਤੋਂ ਛਹਿਬਰ ਰਲ ਕੇ, ਮੀਂਹ ਦੇ ਵਾਂਙੂ ਆਈ॥੨॥  
ਕੇਸਰ ਦੀ ਪਿਚਕਾਰੀ ਦੱਸੇ, ਵਾਹ ਵਾਹ ਖੇਡ ਨਿਆਰੀ।  
ਹਰ ਬੇਰੰਗ ਵਸਤੂ ਨੂੰ ਰੰਗ ਕੇ, ਦਏ ਸੁਗੰਧ ਪਿਆਰੀ॥  
ਨਾਲ ਮੁਬਾਰਕ ਹੱਥਾਂ ਮੁਰਸ਼ਦ, ਖ਼ੂਬ ਗੁਲਾਲ ਉਡਾਇਆ॥  
ਕੀਤੇ ਭੋਂ ਅਸਮਾਨ ਸੁਰਖ਼ਰੂ, ਦਿਲ ਦਾ ਰੰਗ ਬਰਸਾਇਆ॥੪॥  
ਸ਼ਹਿਨਸ਼ਾਹ ਮੇਰੇ ਨੇ ਗਲ ਜਾਂ, ਰੰਗਿਆ ਚੋਲਾ ਪਾਇਆ।  
ਦੋਵੇਂ ਲੋਕ ਰੰਗੀਲੇ ਹੋ ਗਏ, ਰੂਹ ਜਾਪੇ ਨਸ਼ਿਆਇਆ॥  
ਜਿਸ ਨੇ ਪਾਕ ਦੀਦਾਰ ਮਾਹੀ ਦਾ, ਕਿਸੇ ਸਮੇਂ ਕਰ ਲੀਤਾ।  
ਨਫ਼ਾ ਹਯਾਤੀ ਦਾ ਉਸ ਬੰਦੇ, ਰੱਜ ਪ੍ਰਾਪਤ ਕੀਤਾ॥  
'ਗੋਇਆ' ਦੀ ਇਹ ਦਿਲੀ ਤਮੰਨਾ, ਦਮ ਦਮ ਇਹੋ ਧਿਆਵੇ।  
ਸਾਧ ਸੰਗਤ ਦੀ ਚਰਨ-ਧੂੜ ਤੋਂ, ਤਨ ਮਨ ਸਦਕੇ ਜਾਵੇ॥੭॥

# ਪ੍ਰਭ ਕਾ ਸਿਮਰਨੁ ਸਭ ਤੇ ਊਚਾ

*[ਭਾਈ ਕੁਲਦੀਪ ਸਿੰਘ ਜੀ]*

*ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ॥*
*ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ ਬੁਧਿ॥*
*ਅੰਗ - ੨੬੨*

*ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥*
*ਅੰਗ - ੪੦੧*

*ਕੋਟਿ ਕਰਮ ਬੰਧਨ ਕਾ ਮੂਲੁ॥*
*ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥ ਅੰਗ - ੧੧੪੯*

ਅਬਿਨਾਸੀ ਪ੍ਰਭ, ਜੋ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈ, ਨੂੰ ਸਿਮਰ ਕੇ ਸਾਰੀ ਮਲੀਨਤਾ ਦੂਰ ਹੋ ਜਾਂਦੀ ਹੈ। ਨਾਮ ਅਭਿਆਸ ਨਾਲ ਸੁਰਤ ਐਸੇ ਥਾਂ ਜਾ ਟਿਕਦੀ ਹੈ, ਜਿਥੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦੀ ਪਹੁੰਚ ਨਹੀਂ।

ਮਨੁੱਖ ਜਿਹੜੇ ਕਰਮ, ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਦੇ ਅਧੀਨ ਕਰਦਾ ਹੈ, ਉਨ੍ਹਾਂ ਦੇ ਮੇਲ ਨਾਲ ਮਨ ਮਲੀਨ ਹੋ ਜਾਂਦਾ ਹੈ। ਮਨੁੱਖ ਸਿਮਰਨ ਕਰਦਾ ਕਿਸ ਲਈ ਹੈ ਕਿ ਮਨ ਕਾਬੂ ਵਿਚ ਆ ਜਾਵੇ। ਮਨੁੱਖ ਸੇਵਾ ਕਰਦਾ ਹੈ, ਫਿਰ ਵੀ ਮਨ ਵਿੱਚੋਂ ਅਹੰਕਾਰ ਨਹੀਂ ਜਾਂਦਾ। ਸੇਵਾ ਕਰਦਿਆਂ ਬਹੁਤ ਵਾਰ ਲੰਗਰ ਵਿਚ ਵੇਖਿਆ ਹੈ, ਚੌਰ ਕਰਦਿਆਂ ਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਵਿਚ ਬੈਠਣ ਲਈ ਕਈ ਲੋਕ ਆਪਸ ਵਿਚ ਲੜ ਪੈਂਦੇ ਹਨ। ਸੇਵਾ ਕਰਦਿਆਂ ਕਈਆਂ ਦੇ ਮਨਾਂ ਵਿਚ ਅਹੰਕਾਰ ਆ ਜਾਂਦਾ ਹੈ…ਮੇਰੇ ਜੈਸੇ ਕੋਈ ਸੇਵਾ ਨਹੀਂ ਕਰਦਾ ਜਾਂ ਸਾਨੂੰ ਵਧੇਰੇ ਜਾਣਕਾਰੀ ਹੈ।

ਮਨੁੱਖ ਪੁੰਨ ਦਾਨ ਕਰਦੇ ਹਨ, ਪਰੰਤੂ ਉਹਨਾਂ ਦੇ ਮਨ ਵਿਚ ਅਹੰਕਾਰ ਆ ਜਾਂਦਾ ਹੈ। ਮੈਂ ਇਤਨੇ ਰੁਪਏ ਦਾਨ ਦਿੱਤੇ, ਮੇਰਾ ਪੈਸਿਆਂ ਦਾ ਅਰਦਾਸੇ ਵਿਚ ਭਾਈ ਨੇ ਨਾਂ ਕਿਉਂ ਨਹੀਂ ਲਿਆ। ਸੰਗਤ ਨੂੰ ਕਿਉਂ ਨਹੀਂ ਦੱਸਿਆ ਕਿ ਮੈਂ ਗੁਰਦੁਆਰੇ ਲਈ ਦਸ ਹਜ਼ਾਰ ਰੁਪਏ ਦਿੱਤੇ ਹਨ। ਅਜਿਹੇ ਬੰਦੇ ਵੇਖੇ ਹਨ, ਜੋ ਗੁਰਦੁਆਰੇ ਦੇ ਭਾਈ ਨਾਲ ਲੜਦੇ ਰਹਿੰਦੇ ਹਨ। ਮੈਂ ਇਤਨਾ ਦਾਨ ਦਿੱਤਾ, ਆਪ ਜੀ ਨੇ ਅਰਦਾਸ ਵਿਚ ਜ਼ਿਕਰ ਨਹੀਂ ਕੀਤਾ। ਮੈਂ ਅਰਦਾਸ ਇਤਨੇ ਰੁਪਏ ਦੀ ਕਰਵਾਈ, ਮੇਰਾ ਜ਼ਿਕਰ ਕਿਉਂ ਨਹੀਂ ਕੀਤਾ। ਅਜਿਹੇ ਦਾਨ ਦਾ ਕੀ ਲਾਭ? ਜਪ ਤਪ ਕਰਦੇ ਹੋਏ ਵੀ ਕਈ ਵਾਰ ਅਹੰਕਾਰ ਆ ਜਾਂਦਾ ਹੈ। ਜਦੋਂ ਲੋਕ ਆ ਕੇ ਪੈਰਾਂ ਨੂੰ ਹੱਥ ਲਗਾਉਂਦੇ ਹਨ ਤਾਂ ਮਨੁੱਖ ਸੋਚਦਾ ਹੈ ਕਿ ਮੈਂ ਹੁਣ ਮਹਾਂਪੁਰਸ਼ ਬਣ ਗਿਆ ਹਾਂ। ਮੈਂ ਸੰਤ ਬਣ ਗਿਆ ਹਾਂ; ਅਜਿਹੇ ਆਦਮੀ ਸਿਖਰ ਤੋਂ ਥੱਲੇ ਆ ਡਿਗਦੇ ਹਨ।

ਮਨੁੱਖੀ ਮਨ ਮੈਂ-ਮੇਰੀ ਵਿਚ ਗ੍ਰਸਿਆ ਰਹਿੰਦਾ ਹੈ। ਬੰਦਾ ਮੋਹ ਮਾਇਆ ਵਿਚ ਫਸ ਜਾਂਦਾ ਹੈ। ਮਨੁੱਖ ਜਨਮ ਲੈਂਦੇ ਹੀ ਮੈਂ ਤੇ ਮੇਰੀ ਦੇ ਬੰਧਨ ਵਿਚ ਫਸ ਜਾਂਦਾ ਹੈ। ਹਉਮੈ ਕਾਰਨ ਪਰਮਾਤਮਾ ਤੋਂ ਵਿਛੋੜਾ ਪੈ ਜਾਂਦਾ ਹੈ। ਉਸ ਦੇ ਮਨ ਵਿਚ ਪਰ-ਧਨ ਤੇ ਪਰ-ਤਨ ਖੋਹਣ ਦੀ ਇੱਛਾ ਜਾਗ ਪੈਂਦੀ ਹੈ। ਇਸ ਅਵਸਥਾ ਵਿਚ ਉਹ ਕਈ ਵਾਰ ਬਹੁਤ ਖ਼ਜਲ-ਖ਼ੁਆਰ ਹੁੰਦਾ ਹੈ।

ਇਸ ਲਈ ਗੁਰੂ ਤੇਗ਼ ਬਹਾਦਰ ਜੀ ਅਧਿਆਤਮਕ ਮਾਰਗ 'ਤੇ ਚੱਲਣ ਵਾਲੇ ਸਾਧੂ ਤੇ ਸੰਤਾਂ ਨੂੰ ਉਪਦੇਸ਼ ਦਿੰਦੇ ਹਨ :

*ਸਾਧੋ ਮਨ ਕਾ ਮਾਨੁ ਤਿਆਗਉ॥*
*ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ,*
*ਤਾ ਤੇ ਅਹਿਨਿਸਿ ਭਾਗਉ॥ਰਹਾਉ॥*
*ਸੁਖੁ ਦੁਖੁ ਦੋਨੋ ਸਮ ਕਰਿ ਜਾਨੈ*
*ਅਉਰੁ ਮਾਨੁ ਅਪਮਾਨਾ॥*
*ਹਰਖ ਸੋਗ ਤੇ ਰਹੈ ਅਤੀਤਾ*
*ਤਿਨਿ ਜਗਿ ਤਤੁ ਪਛਾਨਾ॥*
*ਉਸਤਤਿ ਨਿੰਦਾ ਦੋਊ ਤਿਆਗੈ*
*ਖੋਜੈ ਪਦੁ ਨਿਰਬਾਨਾ॥*
*ਜਨ ਨਾਨਕ ਇਹੁ ਖੇਲੁ ਕਠਨੁ ਹੈ*

*ਕਿਨਹੂੰ ਗੁਰਮੁਖਿ ਜਾਨਾ॥ ਅੰਗ - ੨੧੯*

ਗੁਰੂ ਜੀ ਫ਼ੁਰਮਾਂਦੇ ਹਨ ਕਿ ਮਨ ਦਾ ਮਾਨ ਤਿਆਗੋ, ਖੋਟੇ ਕਰਮਾਂ ਤੇ ਦੁਰਜਨ ਦੀ ਸੰਗਤ ਤੋਂ ਬਚੋ, ਕਦੇ ਅਹੰਕਾਰ ਨਾ ਕਰੋ। ਦੁੱਖ ਤੇ ਸੁੱਖ ਵਿਚ ਸਮਾਨ ਰਹੋ। ਕਦੇ ਮਾਨ ਅਪਮਾਨ ਦੀ ਪ੍ਰਵਾਹ ਨਾ ਕਰੋ। ਕੰਚਨ ਨੂੰ ਮਿੱਟੀ ਮਾਨੋ, ਨਾ ਕਿਸੇ ਦੀ ਉਸਤਤਿ ਕਰੇ ਤੇ ਨਾ ਹੀ ਕਿਸੇ ਤੋਂ ਉਸਤਤਿ ਕਰਾਏ, ਅਜਿਹੇ ਗੁਰਮੁਖ ਬੰਦੇ ਨੂੰ ਜਗ ਦੀ ਪਹਿਚਾਣ ਹੋ ਜਾਂਦੀ ਹੈ ਤੇ ਉਹ ਨਿਰਗੁਣ ਪਦ ਦੀ ਪ੍ਰਾਪਤੀ ਦਾ ਹੱਕਦਾਰ ਬਣ ਜਾਂਦਾ ਹੈ, ਪਰੰਤੂ ਆਪ ਹੀ ਖ਼ੁਦ ਕਹਿ ਰਹੇ ਹਨ ਕਿ ਇਹ ਕੰਮ ਆਸਾਨ ਨਹੀਂ··· ਜਨ ਨਾਨਕ ਇਹੁ ਖੇਲੁ ਕਠਨੁ ਹੈ'। ਵਿਰਲੇ ਹੀ ਇਸ ਸਥਾਨ ਨੂੰ ਪ੍ਰਾਪਤ ਕਰ ਪਾਉਂਦੇ ਹਨ।

ਕਬੀਰ ਜੀ ਫ਼ੁਰਮਾਉਂਦੇ ਹਨ ਕਿ ਹਉਮੈ ਨੇ ਵੱਡੇ ਰਿਸ਼ੀਆਂ ਮੁਨੀਆਂ ਸਿੱਧਾਂ, ਭਗਤਾਂ ਤੇ ਯੋਧਿਆਂ ਨੂੰ ਆਪਣੇ ਆਦਰਸ਼ ਤੋਂ ਭਟਕਾ ਦਿੱਤਾ ਹੈ। ਇਸ ਲਈ ਕਦੀ ਅਹੰਕਾਰ ਨਹੀਂ ਕਰਨਾ ਚਾਹੀਦਾ –

***ਕਬੀਰ ਮਾਇਆ ਤਜੀ ਤ ਕਿਆ ਭਇਆ,***
***ਜਉ ਮਾਨੁ ਤਜਿਆ ਨਹੀ ਜਾਇ॥***
***ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ॥***
***ਅੰਗ - ੧੩੭੨***

ਜਦੋਂ ਤਕ ਮਨੁੱਖ ਹਉਮੈ ਨਹੀਂ ਛੱਡਦਾ ਤੇ ਮੈਂ-ਮੇਰੀ ਦੇ ਬੰਧਨਾਂ ਵਿਚ ਫਸਿਆ ਰਹਿੰਦਾ ਹੈ, ਉਸ ਨੂੰ ਪਰਮੇਸ਼ਰ ਨਹੀਂ ਮਿਲਦਾ –

***ਜਬ ਲਗੁ ਮੇਰੀ ਮੇਰੀ ਕਰੈ॥***
***ਤਬ ਲਗੁ ਕਾਜੁ ਏਕੁ ਨਹੀ ਸਰੈ॥ ਅੰਗ - ੧੧੬੦***

ਪੱਛਮੀ ਤਹਿਜ਼ੀਬ, ਮਾਦਾ ਪ੍ਰਸਤੀ ਦੇ ਚੱਕਰ ਵਿਚ ਅੱਜ- ਕੱਲ ਦਾ ਮਨੁੱਖ ਸੰਗਤ ਤੇ ਪ੍ਰਭੂ ਤੋਂ ਦੂਰ ਜਾ ਰਿਹਾ ਹੈ। ਗੁਰਮੁਖ ਦੀ ਸੰਗਤ ਤੋਂ ਦੂਰ ਰਹਿੰਦਾ ਹੈ। ਸਿਮਰਨ ਵੱਲ ਰੁਚੀ ਨਹੀਂ, ਸਗੋਂ ਟਿਚਕਰਾਂ ਕਰਦੇ ਹਨ।

ਉਹ ਇਹ ਨਹੀਂ ਜਾਣਦੇ ਕਿ ਜਿਵੇਂ ਜ਼ਮੀਨ 'ਤੇ ਸਫ਼ਰ ਸੜਕ ਦੁਆਰਾ ਹੁੰਦਾ ਹੈ। ਹਵਾ ਵਿਚ ਹਵਾਈ ਜਹਾਜ਼ ਤੇ ਸਮੁੰਦਰ ਵਿਚ ਸਮੁੰਦਰੀ ਜਹਾਜ਼ ਰਾਹੀਂ ਯਾਤਰਾ ਕੀਤੀ ਜਾਂਦੀ ਹੈ, ਇਸੇ ਪ੍ਰਕਾਰ ਨਿਰੰਕਾਰ ਦੇ ਦੇਸ਼ ਵਿਚ ਜਾਣ ਲਈ ਸਿਮਰਨ ਕਰਨਾ ਜ਼ਰੂਰੀ ਹੈ –

***ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥***
***ਅਕਲੀ ਪੜਿ ਕੈ ਬੁਝੀਐ ਅਕਲੀ ਕੀਚੈ ਦਾਨੁ॥***
***ਨਾਨਕੁ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨੁ॥***
***ਅੰਗ - ੧੨੪੫***

ਸੰਸਾਰ ਦੀ ਸਭ ਤੋਂ ਵੱਡੀ ਵਸਤੂ ਅਕਲ ਹੈ। ਅਕਲ ਨਾਲ ਕੀਤੇ ਕੰਮ ਰਾਸ ਆਉਂਦੇ ਹਨ। ਅਕਲ ਵਿਚਾਰ ਸ਼ਕਤੀ ਤੋਂ ਪੈਦਾ ਹੁੰਦੀ ਹੈ। ਵਿਚਰਨ ਦੀ ਸ਼ਕਤੀ ਮਨ ਨੂੰ ਇਕਾਗਰ ਕਰਕੇ ਆਉਂਦੀ ਹੈ। ਮਨ ਦੀ ਇਕਾਗਰਤਾ ਤੋਂ ਬਿਨਾਂ ਸੰਸਾਰਕ ਤੇ ਆਤਮਕ ਗਿਆਨ ਪ੍ਰਾਪਤ ਨਹੀਂ ਹੁੰਦਾ। ਕੋਈ ਸਵਾਲ ਹੱਲ ਕਰਨਾ ਹੋਵੇ ਤਾਂ ਇਕਾਗਰਤਾ ਚਾਹੀਦੀ ਹੈ।

ਜਿਵੇਂ ਸੂਰਜ ਦੀ ਗਰਮੀ ਤੋਂ ਸੰਸਾਰ ਵਿਚ ਚਾਰ ਖਾਣੀਆਂ ਪੈਦਾ ਹੁੰਦੀਆਂ ਹਨ। ਅਨਾਜ, ਫਲ, ਫੁੱਲ, ਜੀਵ-ਜੰਤੂ ਸਭ ਸੂਰਜ ਦੀ ਗਰਮੀ ਨਾਲ ਪੈਦਾ ਹੁੰਦੇ ਹਨ, ਇਸੇ ਪ੍ਰਕਾਰ ਸਿਮਰਨ ਕਰਨ ਨਾਲ ਸਾਰੇ ਗੁਣ ਸੁਖ ਸ਼ਾਂਤੀ, ਨਿਰਵੈਰਤਾ, ਨਿਡਰਤਾ, ਪ੍ਰੇਮ, ਦਇਆ ਆਦਿ ਪੈਦਾ ਹੁੰਦੇ ਹਨ। ਮਨ ਦੀ ਮੈਲ ਦੂਰ ਹੁੰਦੀ ਹੈ। ਸਾਰੀਆਂ ਰਿੱਧੀਆਂ ਸਿੱਧੀਆਂ ਮਨ ਦੀ ਇਕਾਗਰਤਾ ਨਾਲ ਆਉਂਦੀਆਂ ਹਨ। ਮਨ ਦੀ ਇਕਾਗਰਤਾ ਅੱਖ ਦੇ ਫੋਰ ਵਿਚ ਦੁਨੀਆ ਦਾ ਢਾਂਚਾ ਬਦਲ ਦਿੰਦੀ ਹੈ।

ਸਿਮਰਨ ਕਰਨ ਨਾਲ ਰਿੱਧੀਆਂ ਸਿੱਧੀਆਂ ਪ੍ਰਾਪਤ ਹੋ ਜਾਂਦੀਆਂ ਹਨ। ਬਹੁਤੇ ਜਗਿਆਸੂ ਇਥੇ ਹੀ ਅਟਕ ਜਾਂਦੇ ਹਨ। ਉਹ ਸਮਝਦੇ ਹਨ ਕਿ ਬਸ ਪਰਮਾਤਮਾ ਮਿਲ ਗਿਆ।

ਪੁੰਨ ਦਾਨ, ਜਪ ਤਪ, ਸੇਵਾ, ਰਿੱਧੀਆਂ ਸਿੱਧੀਆਂ ਇਨ੍ਹਾਂ ਸਭ ਤੋਂ ਉਪਰ ਸਿਮਰਨ ਹੈ, ਸਿਮਰਨ ਦੇ ਬਰਾਬਰ ਕੁਝ ਨਹੀਂ। ਸੱਚਾਈ, ਈਮਾਨਦਾਰੀ ਤੇ ਚੰਗੇ ਗੁਣ ਵੀ ਜ਼ਰੂਰੀ ਹਨ, ਪਰੰਤੂ ਉਹ ਵੀ ਸਿਮਰਨ ਦੇ ਬਰਾਬਰ ਨਹੀਂ। ਗੁਰਬਾਣੀ ਕਹਿੰਦੀ ਹੈ –

***ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥***
***ਅੰਗ - ੪੦੧***

***ਕਰਮ ਧਰਮ ਅਨੇਕ ਕਿਰਿਆ***
***ਸਭ ਊਪਰਿ ਨਾਮੁ ਅਚਾਰੁ॥ ਅੰਗ - ੪੦੫***

***ਕੋਟਿ ਕਰਮ ਬੰਧਨ ਕਾ ਮੂਲੁ॥***
***ਹਰਿ ਕੇ ਭਜਨ ਬਿਨੁ ਬਿਰਥਾ ਪੂਲੁ॥ ਅੰਗ - ੧੧੪੯***

ਜੇ ਲੋੜ ਤੋਂ ਵੱਧ ਖਾਧਾ ਜਾਵੇ, ਲੋੜ ਤੋਂ ਵੱਧ ਨੀਂਦ ਲੀਤੀ ਜਾਵੇ, ਮਨ ਸਿਮਰਨ ਵਿਚ ਨਹੀਂ ਲੱਗਦਾ। ਜੋ ਇਸ ਮਾਰਗ ਉੱਤੇ ਚੱਲ ਪੈਂਦੇ ਹਨ, ਪਰਮਾਤਮਾ ਆਪਣੇ ਸੇਵਕਾਂ ਦੀ ਰੱਖਿਆ ਕਰਦਾ ਹੈ। ਰਾਹ ਦਿਖਾਂਦਾ ਹੈ, ਸੇਵਕਾਂ ਨੂੰ ਵਡਿਆਈ ਦਿਵਾਂਦਾ ਹੈ। ਇਸ ਘੋਰ-ਕਲਜੁਗ ਵਿਚ ਚੰਗੇ ਜੀਵਨ ਵਾਲੇ ਮਨੁੱਖ ਬਹੁਤ ਘੱਟ ਮਿਲਦੇ ਹਨ। ਇਹ ਵੀ ਕੁਝ ਉੱਚ ਮੰਡਲੀਆਂ ਵਿਚ ਤਾਰੀ ਲਗਾਣ ਵਾਲੇ ਦੱਸਦੇ

ਹਨ ਕਿ ਸਿਮਰਨ ਤੋਂ ਸਭ ਵਸਤੂਆਂ ਛੋਟੀਆਂ ਹਨ। ਸਭ ਵਸਤੂਆਂ ਤੋਂ ਉੱਚਾ ਸਿਮਰਨ ਹੈ।

ਸਿੱਖ, ਗੌਰਵ ਦਾ ਪ੍ਰਤੀਕ ਹੈ, ਨਫ਼ਰਤ ਦਾ ਨਹੀਂ। ਸਿੱਖ ਸ਼ਕਤੀ ਦਾ ਸੂਚਕ ਹੈ, ਕਾਇਰਤਾ ਦਾ ਨਹੀਂ। ਸਿੱਖ ਸੀਨੇ 'ਤੇ ਵਾਰ ਝੱਲਣ ਤੇ ਵਾਰ ਕਰਨ ਦਾ ਆਦੀ ਹੈ। ਪਿੱਠ ਵਿਚ ਛੁਰਾ ਘੋਪਣ ਵਾਲਾ ਕਾਇਰ ਨਹੀਂ। ਸਿੱਖ ਦਾਤਾ ਬਣ ਕੇ ਨਿਮਰ ਅਖਵਾਉਂਦਾ ਹੈ, ਮੰਗਤਾ ਬਣ ਕੇ ਸ਼ੁਹਦਾ ਨਹੀਂ। ਉਹ ਸਦਾਚਾਰਕ ਵਿਹਾਰ ਦਾ ਬਾਦਸ਼ਾਹ ਬਣ ਕੇ ਜੀਣ ਦਾ ਆਦੀ ਹੈ, ਲੁੱਟ-ਖਸੁੱਟ ਕਰ ਕੇ ਭੜਥੂ ਪਾਉਣ ਦਾ ਆਦੀ ਨਹੀਂ ਹੈ। ਸਿੱਖ ਨੇ ਤਿਆਗ ਕਰ ਕੇ, ਸਬਰ ਧਾਰ ਕੇ, ਸੰਤੋਖ ਵਿਚ ਰਹਿ ਕੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕਰਨਾ ਸਿੱਖਿਆ ਹੈ।

---

*(ਪੰਨਾ 32 ਦੀ ਬਾਕੀ)*

ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਖੰਡੇ ਦਾ ਸ਼ਹੀਦੀ ਰਸ ਚਖ ਕੇ ਵੈਰ ਵਿਰੋਧ ਦੀ ਅਗਨੀ ਨਾਲ ਸੜੇ ਹੋਏ ਹਿਰਦੇ ਭੀ ਸੀਤਲ ਤੇ ਸ਼ਾਂਤ ਹੋ ਜਾਂਦੇ ਸਨ।

ਸ਼ਹੀਦ ਬਾਬੇ ਦੀਪ ਸਿੰਘ ਜੀ ਦਾ ਸੀਸ ਧੜ ਤੋਂ ਉਤਰ ਗਿਆ ਹੈ, ਨਾਮ ਦਿਆਂ ਰੰਗਾਂ ਸਹਿਤ ਲਾਲ ਲਾਲ ਹਸਮੁੱਖੀ ਚਿਹਰੇ ਦਾ ਸ਼ਾਂਤਮਈ ਨੂਰ ਜਿਉਂ ਕਾ ਤਿਉਂ ਦਗ ਦਗ ਕਰਦਾ ਹੈ, ਸੀਸ-ਧੜ ਦੀ ਬਾਜ਼ੀ ਵਿਚ ਸੁਰਖ਼ਰੂ ਹੋ ਚੁੱਕੇ ਬਾਬੇ ਦਾ ਸੀਸ ਬਾਬੇ ਦੇ ਖੱਬੇ ਹੱਥ ਉੱਪਰ ਬਿਰਾਜਮਾਨ ਹੁੰਦਾ ਹੋਇਆ ਸ਼ਹੀਦੀ ਪਿੜ ਦੇ ਖਿਡਾਰੀਆਂ ਦੇ ਹੋਲੇ ਦਾ ਨਜ਼ਾਰਾ ਵੇਖ ਵੇਖ ਵਿਗਸ ਰਿਹਾ ਹੈ, ਅਤੇ ਸੀਸ ਤੋਂ ਸੱਖਣਾ ਧੜ ਫਹਿਣੀ ਭੁਜ-ਬਲ ਦੇ ਸਹਾਰੇ ਖੰਡਾ ਉਲਾਰ ਉਲਾਰ ਕੇ ਸੈਂਕੜਿਆਂ ਨੂੰ ਪਾਰ ਬੁਲਾ ਰਿਹਾ ਹੈ। ਨਹੀਂ, ਨਹੀਂ, ਸ਼ਹੀਦੀ ਦਾ ਸ਼ਰਬਤ ਚਖਾ ਰਿਹਾ ਹੈ ਅਤੇ ਦੂਰ ਤੱਕ ਇਹ ਬਹਾਰ ਵਧਦੀ ਤੁਰੀ ਜਾ ਰਹੀ ਹੈ, ਜਿਸ ਦਾ ਸਾਰ ਇਹ ਨਿਕਲਦਾ ਹੈ ਕਿ ਟਿੱਡੀ ਦਲ ਸ਼ੱਤਰੂ ਦੀ ਫ਼ੌਜ ਖੇਰੂੰ ਖੇਰੂੰ ਹੋ ਜਾਂਦੀ ਹੈ। ਇਸ ਬ੍ਰਿਤਾਂਤ ਦੀ ਗਵਾਹੀ ਇਤਿਹਾਸ ਦੇ ਰਿਹਾ ਹੈ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਨਾਮ ਜੁੱਗਾਂ ਪ੍ਰਯੰਤ ਦੁਨੀਆ ਉੱਪਰ ਕਾਇਮ ਰਹੇਗਾ। ਇਹ ਗੁਰੂ ਘਰ ਦੇ ਪਰਉਪਕਾਰ ਦੇ ਪੁਤਲਿਆਂ ਦੀ ਸੂਰਬੀਰਤਾ ਦਾ ਇਕ ਵੰਨਗੀ ਪੂਰਬਕ ਉਦਾਹਰਣ, ਬੀਰ ਰਸੀ ਪਰਉਪਕਾਰ ਦੀ ਸ਼ਾਂਤ ਕਲਾ ਵਾਲੀ ਭਿਵਸਥਾ ਬਨਾਵਣ ਲਈ ਕਾਫੀ ਤੋਂ ਭੀ ਵਧੀਕ ਹੈ। ਇਹ ਆਦਰਸ਼ ਹੈ ਬੀਰ ਰਸ ਤੇ ਸ਼ਾਂਤ ਰਸ ਸੰਯੁਕਤੀ ਗੁਰਮਤਿ ਉਪਕਾਰ ਦਾ।

ਇਸ ਤੋਂ ਸਾਫ਼ ਸਿੱਟਾ ਨਿਕਲਦਾ ਹੈ ਕਿ ਕੇਵਲ ਦੇਹ ਤੋਂ ਬਿਦੇਹ ਹੋ ਕੇ ਸੀਸ ਤਲੀ ਤੇ ਰੱਖਣ ਵਾਲੇ ਅਤੁੱਟ ਲਿਵਤਾਰ ਦੇ ਧਨੀ ਗੁਰਮੁਖ ਪਿਆਰੇ ਹੀ ਪਰਉਪਕਾਰੀ, ਬੀਰ ਰਸੀਏ, ਬਿਬੇਕੀ ਜਨ ਬਣ ਸਕਦੇ ਹਨ, ਜਿਨ੍ਹਾਂ ਦੀ ਲਿਵ ਐਨੀ ਪੱਕ ਚੁੱਕੀ ਹੋਵੇ ਕਿ ਅਸਹਿ ਕਸ਼ਟਾਂ ਦੇ ਮਿਲਣ ਪਰ ਭੀ ਨਾ ਟੁੱਟੇ ਅਤੇ ਨੂਰੀ ਮੱਥੇ ਦਾ ਖਿੜਾਉਂ ਤੇ ਅੰਤ੍ਰੀਵ ਸ਼ਾਂਤ ਰਸ ਜਿਉਂ ਕਾ ਤਿਉਂ ਬਣਿਆ ਰਹੇ।

ਉਹ ਕੀ ਤਾਕਤ ਹੈ, ਜਿਸ ਨੇ ਸੀਸ ਦੀਆਂ ਖੋਪਰੀਆਂ ਉਤਾਰਦਿਆਂ ਹੋਇਆਂ ਭੀ ਭਾਈ ਤਾਰੂ ਸਿੰਘ ਜਿਹੇ ਸੂਰਬੀਰ ਸ਼ਾਂਤ ਰਸ ਦੇ ਪੁਤਲਿਆਂ ਨੂੰ ਅਡੋਲ ਰਖਿਆ? ਉਹ ਕਿਹੜੀ ਸ਼ਕਤੀ ਹੈ ਕਿ ਜਿਸ ਨੇ ਭਾਈ ਵੀਰ ਸਿੰਘ ਨੌਰੰਗਾਬਾਦੀਏ ਨੂੰ ਦੜਾ ਦੜ ਪੈਂਦੀਆਂ ਤੋਪਾਂ ਦੇ ਬੁਛਾੜ ਵਿਚ ਪਹਾੜ ਦੀ ਨਿਆਈ ਅਚੱਲ ਸਮਾਧੀ ਵਿਚ ਇਸਥਿਤ ਬਿਠਾਈ ਰੱਖਿਆ? ਉਹ ਕਿਹੜੀ ਅਗੰਮੀ ਕਲਾ ਹੈ ਜਿਸ ਨੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰੇ ਜਾਂਦਿਆਂ ਤੇ ਭਾਈ ਦਿਆਲਾ ਜੀ ਨੂੰ ਤਪਦੇ ਕੜਾਹੇ ਵਿਚ ਉਬਲਦਿਆਂ, ਸਮਾਨ ਬਿਰਤ ਤੇ ਕਸ਼ਟ ਮਹਿਸੂਸ ਕਰਨੋਂ ਰਹਿਤ ਰੱਖਿਆ? ਉਹ ਕਿਹੜੀ ਕ੍ਰਿਸ਼ਮੇ ਵਾਲੀ ਕਉਤਕ-ਕਲਾ ਹੈ ਜਿਸ ਨੇ ਕਿ ਅੰਗ ਅੰਗ ਜੁਦਾ ਹੁੰਦਿਆਂ ਭਾਈ ਮਨੀ ਸਿੰਘ ਜੀ ਨੂੰ ਅਤੇ ਚਰਖੜੀ ਉੱਤੇ ਚੜ੍ਹ ਕੇ ਜਰਖੜ ਜਾਂਦੇ ਭਾਈ ਸੁਬੇਗ ਸਿੰਘ ਜੀ ਆਦਿਕ ਨੂੰ ਸੀ ਤੱਕ ਉਚਾਰਨ ਦਾ ਫੁਰਨਾ ਨਹੀਂ ਫਰਨ ਦਿੱਤਾ? ਇਹ ਕੇਵਲ ਓਹ ਪੱਕ ਚੁੱਕੀ ਪ੍ਰਬਲ ਨਾਮ ਮਹਾਂ ਰਸ ਦੀ ਲਿਵਤਾਰ ਹੈ। ਇਹ ਮਹਾਂ-ਅਨੰਦ-ਰਸੀ ਗੰਭੀਰਤਾ ਦੀ ਆਤਮ ਮੌਜ ਹੈ। ਇਹ ਚੜ੍ਹਦੀਆਂ ਕਲਾਂ ਵਾਲੀ ਸੂਰਬੀਰਤਾ ਦੀ ਬਿਰਤੀ ਹੈ। ਇਹ ਦੁਖ ਸੁਖ ਸਮ ਕਰ ਜਾਨਣ ਵਾਲੀ ਸੱਚੀ ਸ਼ਾਂਤ-ਸਮਾਈ ਹੈ।ਇਹ ਆਤਮ-ਰੰਗਾਂ ਦੀ ਉੱਚੀ ਬਿਵਸਥਾ ਹੈ। ਇਹ ਸੱਚੀ ਭੈ-ਭਾਵਨੀ ਤੋ ਉਪੰਨਾ ਨਿਰਭੈ ਪਦ ਹੈ। ਐਸੀ ਅਤੇ ਐਨ ਇਸ ਪ੍ਰਕਾਰ ਦੀ ਗਤੀ ਪ੍ਰਾਪਤ ਹੋਏ ਬਗ਼ੈਰ ਸੱਚਾ ਬੀਰ ਰਸ ਤੇ ਪਰਉਪਕਾਰ ਰਤੰਨਾ ਬੀਰ ਰਸ ਬਣ ਆਉਣਾ ਅਸੰਭਵ ਹੈ। ਏਥੇ ਬੀਰ ਰਸ ਤੇ ਸ਼ਾਂਤ ਰਸ ਅਭੇਦ ਹੈ। ਇਹ ਹੈ ਕਲਗੀਧਰ ਪਾਤਸ਼ਾਹ ਦੀ ਨਾਮ ਦੇ ਖੰਡੇ ਤੇ ਸਰਬ ਲੋਹੀ ਖੰਡੇ ਦੀ ਫ਼ਿਲਾਸਫ਼ੀ, ਜਿਸ ਨੂੰ ਅਹਿੰਸਾਵਾਦੀ ਬੋਧੀ ਜੈਨੀ ਆਦਿ ਸਮਝਣ ਤੋਂ ਅਸਮਰੱਥ ਹਨ।

## ਸਹਾਇਤਾ ਆਤਮ ਰੰਗ ਫਰਵਰੀ 2024 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ), ਚੰਡੀਗੜ੍ਹ ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਗੁਰਪੁਰਵਾਸੀ ਬੀਬੀ ਕੁਲਵੰਤ ਕੌਰ, ਸਿੰਘਣੀ ਗੁਰਪੁਰਵਾਸੀ ਭਾਈ ਸਾਹਿਬ ਭਾਈ ਸਤਨਾਮ ਸਿੰਘ ਜੀ ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ, ਜੀ ਦੀ ਮਿੱਠੀ ਤੇ ਪਿਆਰੀ ਤੇ ਮਿੱਠੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਦਵਿੰਦਰ ਸਿੰਘ ਜੀ ਤੇ ਭਾਈ ਨਿਰਮਲਜੀਤ ਸਿੰਘ ਜੀ, ਜੀਰਕਪੁਰ | 5,000.00 |
| ◆ ਗੁਪਤ ਸੇਵਾ, ਚੰਡੀਗੜ੍ਹ | 5,000.00 |
| ◆ ਭਾਈ ਸੌਦਾਗਰ ਸਿੰਘ ਜੀ ਤੇ ਭਾਈ ਸਤਨਾਮ ਸਿੰਘ ਜੀ, ਸੰਨੀ ਇਨਕਲੇਵ ਖਰੜ, ਅਪਣੀ ਬੇਟੀ ਤੇ ਅਪਣੀ ਭੈਣ ਦੀ ਅੰਤਿਮ ਅਰਦਾਸ ਸਮੇਂ | 10,000.00 |
| ◆ ਬੀਬੀ ਹਰਵਿੰਦਰ ਕੌਰ ਜੀ, ਚੰਡੀਗੜ੍ਹ, ਅਪਣੇ ਬੇਟੇ ਦੇ ਪਹਿਲੇ ਜਨਮ ਦਿਨ ਦੀ ਖੁਸ਼ੀ ਵਿੱਚ | 21,000.00 |
| **ਕੁਲ ਜੋੜ** | **61,000.00** |

### Statement of Income & Expenditure for the Month of Feb., 2023 of *Atam Rang*

| | |
|---|---|
| 1. M/s Jai Offset Printers | 32,000.00 |
| 2. Cost of Service Stamps | 12,600.00 |
| 3. Cost of envelops & Printing | 12,000.00 |
| 4. Cost of Sticker & Printing | 4,000.00 |
| **Total Expenditure upto 29.02.2024** | **60,600.00** |
| Donation | 61,000.00 |
| Membership | 800.00 |
| Cash in hand | 15,957.00 |
| **Total Income** | **77,757.00** |
| **Expenditure** | **61,000.00** |
| **Income** | **77,757.00** |
| **Difference (Cash in hand)** | **(+) 17,157.00** |

### ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 14 ਮਾਰਚ |
| ਪੂਰਨਮਾਸ਼ੀ | 25 ਮਾਰਚ |
| ਮੱਸਿਆ | 10 ਮਾਰਚ |
| ਪੰਚਮੀ | 14 ਮਾਰਚ |
| **ਗੁਰਪੁਰਬ** | |
| ਹੋਲਾ ਮਹੱਲਾ (ਸ੍ਰੀ ਅਨੰਦਪੁਰ ਸਾਹਿਬ) | 26 ਮਾਰਚ |

### ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

**ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ**

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ ’ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ ‘ਆਤਮ ਰੰਗ’ ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਪਾਉਂਟਾ ਸਾਹਿਬ ਦੇ ਸਹਿਯੋਗ ਨਾਲ

ਅਖੰਡ ਕੀਰਤਨੀ ਜੱਥਾ

# ਅਖੰਡ ਕੀਰਤਨ ਸਮਾਗਮ

## 8 ਤੋਂ 10 ਮਾਰਚ 2024

**ਅਖੰਡ ਕੀਰਤਨੀ ਜੱਥੇ ਵਲੋਂ**

**ਗੁਰਦੁਆਰਾ ਸ੍ਰੀ ਪਾਉਂਟਾ ਸਾਹਿਬ ਪਾਤਿਸ਼ਾਹੀ ਦਸਵੀਂ (ਹਿਮਾਚਲ ਪ੍ਰਦੇਸ਼) ਵਿਖੇ**

**ਵੱਖ ਵੱਖ ਇਤਿਹਾਸਿਕ ਗੁਰਦੁਆਰਿਆਂ ਦੇ ਦਰਸ਼ਨ ਅਤੇ ਅਖੰਡ ਕੀਰਤਨ ਸਮਾਗਮ**



| | | |
|---|---|---|
| 8 ਮਾਰਚ ਸ਼ੁਕਰਵਾਰ | ਸਵੇਰੇ 8 ਵਜੇ ਤੋਂ ਦੁਪਹਿਰ ਤਕ | ਗੁਰਦੁਆਰਾ ਭੰਗਾਣੀ ਸਾਹਿਬ |
| 8 ਮਾਰਚ ਸ਼ੁਕਰਵਾਰ | ਸ਼ਾਮ 6 ਵਜੇ ਤੋਂ ਰਾਤ 9 ਵਜੇ ਤਕ | ਗੁਰਦੁਆਰਾ ਸ਼ੇਰਗਾਹ ਸਾਹਿਬ |
| 9 ਮਾਰਚ ਸ਼ਨੀਵਾਰ | ਸਵੇਰੇ 8 ਵਜੇ ਤੋਂ ਦੁਪਹਿਰ ਤਕ | ਗੁਰਦੁਆਰਾ ਪਾਉਂਟਾ ਸਾਹਿਬ ਦਰਬਾਰ ਹਾਲ |
| ਕੀਰਤਨ ਰੈਣ ਸਬਾਈ | | |
| 9 ਮਾਰਚ ਸ਼ਨੀਵਾਰ | ਸ਼ਾਮ 7 ਵਜੇ ਤੋਂ ਸਵੇਰੇ 4 ਵਜੇ ਤਕ | ਕਵੀ ਦਰਬਾਰ ਹਾਲ ਗੁਰਦੁਆਰਾ ਪਾਉਂਟਾ ਸਾਹਿਬ |

ਅੰਮ੍ਰਿਤ ਵੇਲਾ – 7 ਅਤੇ 8 ਤਰੀਕ ਕਵੀ ਦਰਬਾਰ ਹਾਲ ਗੁਰਦੁਆਰਾ ਪਾਉਂਟਾ ਸਾਹਿਬ ਵਿਖੇ ਹੋਵੇਗਾ ਜੀ।

ਜਬ ਹਮਰੇ ਦਰਸਨ ਕੋ ਆਵਹੁ ॥ ਬਨ ਸੁਚੇਤ ਤਨ ਸ਼ਸਤਰ ਸਜਾਵਹੁ ॥

ਜ਼ਰੂਰੀ ਬੇਨਤੀ – ਕੀਰਤਨ ਸਮਾਗਮਾਂ ਤੇ ਗੁਰੂ ਕੇ ਬਾਣੇ ਵਿੱਚ ਸ੍ਰੀ ਸਾਹਿਬ ਉਪਰੋਂ ਸਜਾ ਕੇ ਆਓ ਜੀ।

AKJ.ORG LIVE

**ਅਖੰਡ ਕੀਰਤਨੀ ਜੱਥਾ, ਸ੍ਰੀ ਪਾਉਂਟਾ ਸਾਹਿਬ**

9418073660,9899006748,9810363924,
9872883307,7814926001 , 9914400599

## ਸਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ
### ਭਾਈ ਸਾਹਿਬ ਭਾਈ ਰਣਧੀਰ ਸਿੰਘ ਟਰੱਸਟ, ਭਾਈ ਸਾਹਿਬ ਰਣਧੀਰ ਸਿੰਘ ਨਗਰ ਲੁਧਿਆਣਾ

ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਸਲਾਨਾ ਕੇਂਦਰੀ ਅਖੰਡ ਕੀਰਤਨ ਸਮਾਗਮ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਮਿਤੀ 04.07.2024 ਤੋਂ ਲੈ ਕੇ 07.07.2024 ਤਕ ਗੁਰਦੁਆਰਾ ਗੁਰਮਤਿ ਸੰਚਾਰ, ਭਾਈ ਸਾਹਿਬ ਭਾਈ ਰਣਧੀਰ ਸਿੰਘ ਟੱਰਸਟ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਮਨਾਇਆ ਜਾਵੇਗਾ।

**ਦਾਸਰੇ**

**ਅਖੰਡ ਕੀਰਤਨੀ ਜੱਥਾ ਅਤੇ ਭਾਈ ਰਣਧੀਰ ਸਿੰਘ ਟੱਰਸਟ, ਲੁਧਿਆਣਾ**

98151-56014, 98144-98011, 98156-11924, 98143-00245

## ਸਲਾਨਾ ਅਖੰਡ ਕੀਰਤਨ ਸਮਾਗਮ

ਭੱਟੀ ਪਰਿਵਾਰ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਅਪਣੇ ਬਜੁਰਗਾਂ ਦੀ ਮਿੱਠੀ ਤੇ ਨਿੱਘੀ ਯਾਦ ਵਿੱਚ ਦਿਵਸ ਸੁਹੇਲਾ ਅਖੰਡ ਕੀਰਤਨ ਸਮਾਗਮ ਮਿਤੀ 24 ਮਾਰਚ ਦਿਨ ਐਤਵਾਰ 2024 ਨੂੰ ਸਵੇਰੇ 7.00 ਵਜੇ ਤੋਂ ਲੈ ਕੇ ਦੁਪਹਿਰ ਤਕ ਗੁਰਦੁਆਰਾ ਗੁਰਮਤ ਸੰਚਾਰ ਭਾਈ ਸਾਹਿਬ ਭਾਈ ਰਣਧੀਰ ਟਰੱਸਟ ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਵਿਖੇ ਮਨਾਇਆ ਜਾ ਰਿਹਾ ਹੈ। ਸੰਗਤਾਂ ਦਰਸ਼ਨ ਦੇ ਕੇ ਨਿਵਾਜੋ ਜੀ। ਭੋਗ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਦਾਸਰੇ**

ਭੱਟੀ ਪਰਿਵਾਰ, ਲੁਧਿਆਣਾ (ਸੰਪਰਕ 98151-56014)



# ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ

## ਸਾਲਾਨਾ ਕੇਂਦਰੀ ਹੋਲਾ ਮੁਹੱਲਾ

## ਅਖੰਡ ਕੀਰਤਨ ਸਮਾਗਮ

**ਮਿਤੀ 23.03.2024 ਤੋਂ 26.03.2024 ਤੱਕ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ**

| | |
|---|---|
| 23 ਮਾਰਚ 2024<br>ਦਿਨ ਸ਼ਨੀਵਾਰ | ਅੰਮ੍ਰਿਤ ਵੇਲਾ ਨਿੱਤਨੇਮ ਅਤੇ ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰੇ 7.30 ਵਜੇ ਤੱਕ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਸਥਾਨ ਕਲੀਗਧਰ ਕੀਰਤਨ ਦਰਬਾਰ, ਸ੍ਰੀ ਅਨੰਦਪੁਰ ਸਾਹਿਬ। |
| 24 ਮਾਰਚ 2024<br>ਦਿਨ ਐਤਵਾਰ | ਸੋਦਰੁ ਉਪਰੰਤ ਅਖੰਡ ਕੀਰਤਨ ਸ਼ਾਮ ਨੂੰ 7.00 ਵਜੇ ਤੋਂ ਰਾਤ 10.00 ਵਜੇ ਤੱਕ, ਸਥਾਨ ਕਲੀਗਧਰ ਕੀਰਤਨ ਦਰਬਾਰ, ਸ੍ਰੀ ਅਨੰਦਪੁਰ ਸਾਹਿਬ। |
| 25 ਮਾਰਚ 2024<br>ਦਿਨ ਸੋਮਵਾਰ | ਭੋਗ ਸ੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ 5.00 ਵਜੇ, ਉਪਰੰਤ ਦਿਨ ਸੁਹੇਲਾ ਅਖੰਡ ਕੀਰਤਨ ਦੁਪਿਹਰ 2.00 ਵਜੇ ਤੱਕ, ਕਲਗੀਧਰ ਕੀਰਤਨ ਦਰਬਾਰ, ਗੁ. ਕਿਲ੍ਹਾ ਲੋਹਗੜ੍ਹ ਰੋਡ, ਸ੍ਰੀ ਅਨੰਦਪੁਰ ਸਾਹਿਬ।<br>ਸ਼ਾਮ ਨੂੰ ਸੋਦਰੁ ਸੋਦਰ ਉਪਰੰਤ ਆਰੰਭ ਰੈਣ ਸਬਾਈ ਕੀਰਤਨ, ਕਲਗੀਧਰ ਕੀਰਤਨ ਦਰਬਾਰ, ਸ੍ਰੀ ਅਨੰਦਪੁਰ ਸਾਹਿਬ। |
| 26 ਮਾਰਚ 2024<br>ਦਿਨ ਮੰਗਲਵਾਰ | ਸਮਾਪਤੀ ਰੈਣਿ ਸਬਾਈ ਕੀਰਤਨ, ਸਵੇਰੇ 5.30 ਵਜੇ। |

## ਅੰਮ੍ਰਿਤ ਸੰਚਾਰ ਸਮਾਗਮ

**ਕਲਗੀਧਰ ਕੀਰਤਨ ਦਰਬਾਰ ਵਿਖੇ 25 ਮਾਰਚ 2024 ਸ਼ਾਮ 7.00 ਵਜੇ ਅਰੰਭ ਹੋਣਗੇ।**

**ਨੋਟ: ਕੀਰਤਨ ਸਮਾਗਮ ਦਾ ਸਿੱਧਾ ਪ੍ਰਸਾਰਣ www.akj.org ਅਤੇ akj.punjab ਤੇ ਕੀਤਾ ਜਾਵੇਗਾ**

**ਬੇਨਤੀਆਂ** - 1. ਵੱਧ ਤੋਂ ਵੱਧ ਸੰਗਤ ਅਖੰਡ ਪਾਠ ਸਾਹਿਬ ਸਰਵਣ ਕਰਨ ਦੀ ਖੇਚਲ ਕਰਨ ਜੀ। 2. ਅੰਮ੍ਰਿਤ ਵੇਲਾ 25 ਮਾਰਚ ਸਵੇਰੇ 12.00 ਵਜੇ ਤੋਂ ਸਵੇਰੇ 4.00 ਵਜੇ ਤੱਕ ਕਲਗੀਧਰ ਦਰਬਾਰ ਵਿਖੇ ਹੋਣਗੇ। 3. ਲੰਗਰ ਅਤੇ ਰਿਹਾਇਸ਼ ਦਾ ਸਾਰਾ ਪ੍ਰਬੰਧ ਕਲਗੀਧਰ ਕੀਰਤਨ ਦਰਬਾਰ ਵਿਖੇ ਹੋਵੇਗਾ। 4. ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ। 5. ਆਨੰਦ-ਕਾਰਜ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰੋ ਜੀ। 6. ਅੰਮ੍ਰਿਤ ਛਕਣ ਵਾਲੇ ਅਭਿਲਾਖੀ ਹੇਠ ਦਿੱਤੇ ਗਏ ਨੰਬਰਾਂ ਤੇ ਸੰਪਰਕ ਕਰਨ ਜੀ।

**ਸੰਪਰਕ - 96461-17772, 96469-10555, 98767-08961, 98143-00245**

# ਸੱਦਾ ਪੱਤਰ

## ਸਾਹਿਬ ਸ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ
## ਸ਼ਹੀਦੀ ਸਮਰਪਿਤ

## ਮੋਗਾ ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ ਅਤੇ ਅੰਮ੍ਰਿਤ ਸੰਚਾਰ

| | | |
|---|---|---|
| 26-03-2024 | ਮੰਗਲਵਾਰ ਸ਼ਾਮ 6 ਤ 10:30 | ਭਾਈ ਪਤਮ ਸਿੰਘ ਜੀ (ਜਾਗਰੀ ਜੁਸ ਵਾਲੇ) ਗਲੀ ਨੰਬਰ 3, ਜੁਝਾਰ ਨਗਰ ਮੋਗਾ □ |
| 27-03-2024 | ਬੁੱਧਵਾਰ ਸ਼ਾਮ 6 ਤ 10:30 | ਗੁਰਦੁਆਰਾ ਬਾਬਾ ਕਿਸ਼ਨ ਸਿੰਘ ਜੀ, ਨਾਨਕ ਨਗਰੀ, ਮੋਗਾ □ |
| 28-03-2024 | ਵੀਰਵਾਰ ਸ਼ਾਮ 6 ਤ 10:30 | ਗੁਰਦੁਆਰਾ ਗੁਰੂ ਨਾਨਕ ਦੇਵ ਜੀ, ਗੋਬਿੰਦਗੜ ਬਸਤੀ, ਮੋਗਾ □ |
| 29-03-2024 | ਸ਼ੁਕਰਵਾਰ ਸ਼ਾਮ 6 ਤ 10:30 | ਗੁਰਦੁਆਰਾ ਕਲਗੀਧਰ, ਦੱਤ ਰੋਡ (ਵੱਲ ਭਾਈ ਇੰਦਰਜੀਤ ਸਿੰਘ ਸਟਾਰ ਰੇਡੀਓ) ਮੋਗਾ □ |
| 30-03-2024 | ਸ਼ਨੀਵਾਰ ਸਵੇਰੇ 7:30 ਤ 1:30 | ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ ਜੀ, ਦੁਸਾਂਝ ਰੋਡ, ਮੋਗਾ □ |

**ਅੰਮ੍ਰਿਤ ਸੰਚਾਰ 30-03-2024 ਸ਼ਨੀਵਾਰ ਸ਼ਾਮੀ 6 ਵਜੇ ।**

## ਰੈਣਸਬਾਈ ਕੀਰਤਨ

**ਪਰੰਭ 30 ਮਾਰਚ 2024 ਸ਼ਨੀਵਾਰ ਸ਼ਾਮੀ 5:30 ਵਜੇ**
**ਗੁ: ਗੁਰੂ ਤੇਗ ਬਹਾਦਰ ਸਾਹਿਬ ਦੁਸਾਂਝ ਰੋਡ ਮੋਗਾ ਵਿਖੇ ਹੋਣਗੇ ਸਮਾਪਤੀ**
**31 ਮਾਰਚ ਸਵੇਰੇ 5:30 ਵਜੇ ਹੋਵੇਗੀ □**

ਨਟ:
1) ਅੰਮਿਤ ਅਭਿਲਾਖੀ ਕੇਸੀ ਇਸ਼ਨਾਨ ਕਰਕੇ ਪਹਿਲਾਂ ਪਹੁੰਚਣ ਜੀ □
2) ਅਨੰਦੁ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ □
3) ਰਿਹਾਇਸ਼ ਅਤੇ ਲੰਗਰ ਦਾ ਪਬੰਧ ਗੁ: ਸਾਹਿਬ ਵਿੱਚ ਹੋਵੇਗਾ ਜੀ □
4) ਬਿਨਾ ਆਗਿਆ ਪਬੰਧ ਵਿੱਚ ਦਖ਼ਲ ਦੇਣ ਜੀ ਖੇਚਲ ਨਾ ਕੀਤੀ ਜਾਵੇ ਜੀ □

**ਟਰਾਂਸਪੋਰਟ ਲਈ :** 99886-62529, 99885-11287, 98551-38760, 98726-92659

**ਪੁੱਛ-ਗਿੱਛ ਲਈ :** 95307-18001, 94171-76032, 94171-05838, 88723-09092

**ਸਹਿਯੋਗ:** ਸਮੂਹ ਧਾਰਮਿਕ, ਸਮਾਜਿਕ ਜਥੇਬੰਦੀਆਂ ਅਤੇ ਗੁ: ਪ੍ਰਬੰਧਕ ਕਮੇਟੀਆਂ

ਰੈਣਸਬਾਈ ਕੀਰਤਨ ਦਾ ਸਿੱਧਾ ਪਸਾਰਣ akj.org ਤੇ ਕੀਤਾ ਜਾਵੇਗਾ ਜੀ □

## ਦਾਸਰੇ: ਅਖੰਡ ਕੀਰਤਨੀ ਜੱਥਾ ਮੋਗਾ

ਇਸ਼ਤਿਹਾਰਾਂ ਦੀ ਸੇਵਾ :- ਸ਼ੇਰੇ ਪੰਜਾਬ ਕਲਾਥ ਹਾਊਸ, ਮੇਨ ਬਜ਼ਾਰ, ਮੋਗਾ - 94176-88881


# ਜੇਲ੍ਹ ਚਿੱਠਿਆਂ ਦੀ ਲਿਖਣ ਦੀ ਇਕ ਸੌ ਦੋ ਸਾਲ ਦੀ ਸੰਪੂਰਣਤਾ



ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਪੰਥ ਦੀ ਸੋਨ ਚਿੜੀ, ਜਿਨ੍ਹਾਂ ਨੇ ਰਾਜ ਮੰਦਰੀ ਜੇਲ੍ਹ ਵਿੱਚੋਂ 17 ਮਾਰਚ 1922 ਤੋਂ ਇੱਕ ਚਿੱਠੀ ਪੱਤਰ ਲਿਖਣ ਦਾ ਆਗਾਜ ਕਿਤਾ।



ਗਿਆਨੀ ਨਾਹਰ ਜੀ ਗੁਜਰਵਾਲ ਜਿਨ੍ਹਾਂ ਨੇ ਭਾਈ ਸਾਹਿਬ ਰਣਧੀਰ ਸਿੰਘ ਨੂੰ ਚਿੱਠੀਆਂ ਲਿਖਣ ਦੀ ਸ਼ੁਰੂਆਤ ਕੀਤੀ



Registered with the Registrar
of News Papers of India
Regd. No. R-70727/99

# ATAM RANG
# March 2024

Postal Regd. No.
CHDG/0025/2024-26

**ਗੁਰਮੁਖਿ ਜਨਮੁ ਸਵਾਰਿ, ਦਰਗਹਿ ਚਲਿਆ ॥ ਸਚੀ ਦਰਗਹ ਜਾਇ, ਸਚਾ ਪਿੜ ਮਲਿਆ ॥**








ਭਾਈ ਸਾਹਿਬ ਭਾਈ ਕੁਲਵੰਤ ਸਿੰਘ ਜੀ ਕਾਕੀ ਪਿੰਡ ਅਖੰਡ ਕੀਰਤਨੀ ਜੱਥੇ ਦੇ ਪੁਰਾਤਨ ਸਿੰਘ ਤੇ ਨਾਮਵਰ ਕੀਰਤਨੀਏ ਜਿਨ੍ਹਾਂ ਦੇ ਸਪੁੱਤਰ ਭਾਈ ਬਲਜੀਤ ਸਿੰਘ ਜੀ (ਮਿੱਠਾ) ਮਿਤੀ 05.02.2024 ਨੂੰ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦੇ ਨਮਿੱਤ ਅੰਤਿਮ ਅਰਦਾਸ ਮਿਤੀ 11.02.2024 ਨੂੰ ਦਿਨ ਐਤਵਾਰ ਅੰਮ੍ਰਿਤ ਵੇਲੇ ਉਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ ਉਪਰੰਤ 9.00 ਵਜੇ ਤੋਂ ਲੈ ਕੇ 1.00 ਵਜੇ ਤੱਕ ਗੁਰਦੁਆਰਾ ਸਿੰਘ ਸਭਾ (ਰਾਮਾ ਮੰਡੀ) ਕਾਕੀ ਪਿੰਡ ਵਿਖੇ ਹੋਈ। ਕੀਰਤਨੀ ਸਿੰਘਾਂ ਨੇ ਬੜੇ ਪਿਆਰ ਤੇ ਵੈਰਾਗਮਈ ਕੀਰਤਨ ਕਰਕੇ ਉਸ ਪਿਆਰੇ ਨੂੰ ਅਸੀਸਾਂ ਬਖਸੀਸਾਂ ਦੇ ਕੇ ਹਾਜਰੀਆਂ ਭਰੀਆਂ ਅਤੇ ਗੁਰੂ ਮਹਾਰਾਜ ਜੀ ਅੱਗੇ ਅਰਦਾਸਾਂ, ਜੋਦੜੀਆਂ ਕੀਤੀਆਂ ਕਿ ਉਹ ਇਸ ਪਿਆਰੇ ਨੂੰ ਆਵਾਗਮਨ ਦੇ ਚੱਕਰ ਤੋਂ ਬਚਾ ਕੇ ਸਦਾ ਲਈ ਅਪਣੇ ਚਰਣਾਂ ਵਿੱਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰ ਨੂੰ ਭਾਣਾ ਮਨਣ ਦਾ ਵਲ ਬਖਸ਼ਣ।

Design & Print: Jai Offset Printers 0172-4661690